# ਫੁਲਕਾਰੀ

(ਕਾਵਿ ਸੰਗ੍ਰਿਹ)

# ਫੁਲਕਾਰੀ

(ਕਾਵਿ ਸੰਗ੍ਰਹਿ)

**ਕੁਲਮੀਤ**

**Phulkari**

*by*

Kulmeet

2006

P1478-K054

Published by Lokgeet Parkashan

S.C.O. 26-27, Sector 34 A, Chandigarh-160022

Ph.0172-5077427, 5077428

Punjabi Bhawan Ludhiana, 98154-71219

*visit us at : www.unistarbooks.com*

*email:info@unistarbooks.com*

*email:sales@unistarbooks.com*

*email:editorial@unistarbooks.com*

Type Setting & Design PCIS

Printed & bound at Jai Offset Printers, Chandigarh

Ph:0172-2640382

*© 2006*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

*ਦੇਸ਼ਾਂ ਵਿਚੋਂ ਦੇਸ਼, ਗੱਲ ਆਪਣੇ ਦੀ ਕਰਨੀ*
*ਚਾਹਾਂ ਜਿਵੇਂ, ਪਰ ਇੱਕ ਵੀ ਅੱਖਰ ਬੋਲ ਨਹੀਂ ਸਕਦਾ,*
*ਨਾਲ ਆਪਣੇ ਲਿਆਇਆ ਹਾਂ ਮੈਂ ਭਰੀਆਂ ਭੰਡਾਂ*
*ਪਰ ਕਮਬਖ਼ਤੀ, ਇਹਨਾਂ ਨੂੰ ਮੈਂ ਖੋਲ੍ਹ ਨਹੀਂ ਸਕਦਾ।*

*ਮੇਰਾ ਦਾਗਿਸਤਾਨ*

# ਤਤਕਰਾ


- ਅੰਮ੍ਰਿਤ ਵੇਲੇ 7
- ਸੱਥ 11
- ਖੇਤ 16
- ਛਿਲਾ 19
- ਦੋਬੋ 21
- ਪੱਕੀ ਥਾਂ 24
- ਵੱਗ 27
- ਬੋਹੜ 30
- ਤ੍ਰਿੰਝਣ 33
- ਮੇਲਾ 38
- ਵਣਜਾਰਾ 39
- ਤੀਆਂ 43
- ਦਾਦੀ 47
- ਭੂਆ ਵੀਰੋ 48
- ਧਰੇਕ 52
- ਫੱਟੀ 55
- ਪੱਥਰ 57
- ਚੰਡਾਲ 60
- ਸੱਤੂ ਮਰਾਸੀ 65
- ਪੀਰ ਬਾਬਾ 68

## ਅੰਮ੍ਰਿਤ ਵੇਲੇ

ਅੰਮ੍ਰਿਤ ਵੇਲੇ
ਚਹੁੰ ਦਿਸ਼ਾਈਂ
ਮੌਲਣ ਲੱਗੇ ਰੰਗ,
ਵਿੱਚ ਕਮਾਦਾਂ
ਤਿੱਤਰ ਬੋਲਣ
ਮਿੱਠੇ ਮਿੱਠੇ ਛੰਦ।

ਮੁੱਲਾਂ ਉੱਠਕੇ
ਬਾਂਗਾਂ ਦਿੱਤੀਆਂ
ਰੱਬੀ ਹੇਕਾਂ ਲਾ,
ਸਾਰੇ ਪਿੰਡ
ਅੰਗੜਾਈ ਭੰਨੀ
ਸਤਿਗੁਰ ਨਾਮ ਧਿਆ।

ਪਾਲੀਆਂ ਆਕੇ
ਡੰਗਰ ਖੋਲ੍ਹੇ
ਜੋੜਨ ਲੱਗੇ ਵੱਗ,
ਮੱਝਾਂ ਗਾਂਵਾਂ
ਤੁਰੀਆਂ ਜਾਵਣ
ਅੱਗੇ-ਪਿੱਛੇ ਲੱਗ।

ਖੇਤਾਂ ਵੱਲ ਨੂੰ
ਹਾਲੀ ਚੱਲੇ
ਮੋਢੇ ਹੱਲ ਧਰੇ,
ਪਏ ਉਡੀਕਣ
ਸਿੱਟੇ–ਟਾਂਡੇ
ਪੱਬਾਂ ਭਾਰ ਖਲੇ।

ਸੂਹੇ ਸੂਹੇ
ਜਾਗ ਸੁਆਣੀਆਂ
ਆਪਣੇ ਆਹਰ ਫੜੇ,
ਕਿਸੇ ਨੇ ਉੱਠਕੇ
ਝੁੱਕੀ ਝੋਈ
ਬਹੁਕਰ ਕੋਈ ਕਰੇ।

ਗੋਹਾ, ਕੂੜਾ
ਚੁੱਲ੍ਹਾ ਚੌਂਕਾ
ਲੱਗੀਆਂ ਮੱਝੀਆਂ ਚੋਵਣ,
ਕਈ ਲੋਟੇ
ਭਰਕੇ ਪਾਣੀ
ਚੱਲੀਆਂ 'ਬਾਹਰ' ਹੋਵਣ।

ਚਾਟੀ ਵਿੱਚ
ਮਧਾਣੀ ਪਾਕੇ
ਰਿੜਕਾ ਕਿਸੇ ਲਾਇਆ,
ਕਿਸੇ ਲੈ ਕੇ
ਨਾਮ ਸਾਈਂ ਦਾ
ਰੰਗਲਾ ਚਰਖਾ ਡਾਹਿਆ।

ਧਰਕੇ ਸਿਰ
ਘੜੇ-ਘੜੌਲੀਆਂ,
ਗਾਗਰਾਂ ਢਾਕੇ ਲਾ,
ਲੱਜ ਜੋੜਕੇ
ਕੁੜੀਆਂ-ਚਿੜੀਆਂ
ਖੂਹਾ ਗੇੜਿਆ ਆ।

ਬੁਲ੍ਹੀਆਂ ਵਿੱਚੋਂ
ਕਿਰਦੇ ਹਾਸੇ
ਰਮਜ਼ਾਂ ਭਰੀਆਂ ਗੱਲਾਂ,
ਖੁੱਲ੍ਹਣ ਭੇਦ
ਦਿਲਾਂ ਦੇ ਡੂੰਘੇ
ਮਾਰ-ਮਾਰ ਕੇ ਛੱਲਾਂ।

ਮਾਹੀ ਤੋਂ ਇੱਕ
ਸਦਕੇ ਜਾਂਦੀ
ਵੰਗਾਂ ਰਹੀ ਵਿਖਾ,
ਜਿਹੜੀਆਂ ਕੱਲ੍ਹ
ਲਿਆਇਆ ਸ਼ਹਿਰੋਂ
ਸੋਨੇ ਦੀਆਂ ਘੜਾ।

ਗੁੰਦਕੇ ਬੈਠੀ
ਲਾਲ ਪਰਾਂਦਾ
ਰੰਗਲੀ ਮਹਿੰਦੀ ਲਾਕੇ,

ਕੱਲ੍ਹ ਮੁੜੀ
ਪੇਕਿਉਂ ਜਿਹੜੀ
ਛੋਟਾ ਵੀਰ ਵਿਆਹ ਕੇ।

ਇੱਕ ਹੰਢਾਵੇ
ਅੱਥਰਾ ਜੋਬਨ
ਨੈਣੀ ਰੰਗਲੇ ਸੁਪਣੇ,
ਤੂਹੀਓਂ ਦੱਸ ਨੀ
ਮਿੱਠੀਏ ਖੂਹੀਏ
ਕਦ ਹੋਵਣਗੇ ਆਪਣੇ।

ਦੂਜੀ ਨੂੰ ਇੱਕ
ਮੱਤਾਂ ਦਿੰਦੀ
ਬਣਕੇ ਬਹਿ ਸਿਆਣੀ,
ਨਾਮ ਜਦੋਂ
ਪ੍ਰਦੇਸੀ ਦਾ ਆ
ਲੈਂਦੀ ਕੁੜੀ ਅੰਞਾਣੀ।

ਸੱਸ ਦੀਆਂ ਇੱਕ
ਰੀਸਾਂ ਲਾਵੇ
ਟੀਰੇ ਕਰਕੇ ਆਨੇ,
ਆਢਾ ਲਾਵੇ
ਫੱਫੇ-ਕੁਟਣੀ
ਸੌ-ਸੌ ਕਰ ਬਹਾਨੇ।

ਬੈਠੀ ਇੱਕ
ਮਣ ਖੂਹੀ ਦੀ
ਗੁਰ ਰਹੀ ਏ ਦੱਸ,
ਸਾਰਾ ਟੱਬਰ
ਮੂਹਰੇ ਲਾਈਏ
ਮਾਹੀ ਕਰਕੇ ਵੱਸ।

ਫੌਜਣ ਦੀਆਂ
ਗੱਲਾਂ ਹੋਵਣ
ਲਾ ਲਾ ਕੇ ਚਟਕਾਰੇ,
ਜਿਸਦੇ ਘਰ
ਓਪਰਾ ਬੰਦਾ
ਆਵੇ ਦਿਨ-ਦਿਹਾੜੇ।

ਦੂਹਰੀਆਂ ਹੋ ਹੋ
ਹੱਸਣ ਪਈਆਂ
ਢਿੱਡੀਂ ਪੀੜਾਂ ਪਈਆਂ,
ਸਭੇ ਗੱਲਾਂ
ਜਾਹਰ ਹੋਈਆਂ
ਕਹੀਆਂ ਤੇ ਅਣਕਹੀਆਂ।

ਬਨੇਰਿਆਂ ਉੱਤੇ
ਗੋਡੇ ਗੋਡੇ
ਧੁੱਪ ਵੇਖ ਫਿਰ ਚੜ੍ਹਦੀ,
ਕੁੜੀਆਂ-ਚਿੜੀਆਂ
ਤਿੱਤਰ ਹੋਈਆਂ
ਖੂਹੀ ਭਾਂ-ਭਾਂ ਕਰਦੀ।

## ਸੱਥ

ਪੋਹ ਮਹੀਨਾ
ਸਰਦ ਰੁੱਤ,
ਕੋਸੀ ਕੋਸੀ
ਸੇਕਣ ਧੁੱਪ,
ਖੂਹੀ ਕੋਲ ਜੋ ਬੈਠੇ
ਲੋਕੀਂ ਸੱਥ ਸਜਾ ਕੇ।

ਰਮਜ਼ਾਂ ਭਰੀ
ਸੁਣਾ ਕੇ ਗੱਲ,
ਆਪੋ-ਆਪਣੀ
ਮਾਰਨ ਮੱਲ,
ਨਾਲੇ ਭਰਨ ਹੁੰਗਾਰੇ
ਧੌਣਾਂ ਹਿਲਾ ਹਿਲਾ ਕੇ।

ਪਾਟੀ ਚਾਦਰ
ਬੁੱਕਲ ਮਾਰ,
ਗਰੀਬੂ ਬੈਠਾ
ਪੱਬਾਂ ਭਾਰ,
ਸੁਣਾਵੇ ਪਿਆਰ ਘਰ ਦੀ
ਸਿਰ ਤੋਂ ਸਾਫਾ ਲਾਹ ਕੇ।

'ਵੱਡਾ ਪਹਿਲੂ
ਅੱਡ ਪਕਾਵੇ,
ਨਿੱਕਾ ਹੁਣ
ਰੱਸੇ ਤੁੜਵਾਵੇ,
ਲਾਈ ਰੱਖਦਾ ਆਢਾ
ਦਾਰੂ ਦੀ ਘੁੱਟ ਲਾਕੇ'।

ਮੇਰੀ ਇੱਕ ਨਾ
ਸੁਣੇ ਪਤੰਦਰ,
ਤੀਮੀਂ ਮਗਰੇ
ਲੱਗਿਆ ਕੰਜਰ,
ਇਸੇ ਲਈ ਸੀ ਪਾਲੇ
ਸਾਲੇ ਖਵਾ ਖਵਾ ਕੇ।'

ਮੱਠਾ ਜਿਹਾ
ਮਾਰ ਖੰਘੂਰਾ,
ਬੋਲਿਆ ਪਿੰਡ ਦਾ
ਅਮਰੂ ਚੂਹੜਾ,
ਸਾਫੇ ਲੜੋਂ ਖੋਲ੍ਹੀ
ਬੀੜੀ ਮੂੰਹ ਸੁਲਗਾਕੇ।

ਘਰ ਘਰ ਚਾਚਾ
ਇਹੀ ਤਮਾਸ਼ਾ,
ਕਿਧਰੇ ਬਹੁਤਾ
ਕਿਧਰੇ ਮਾਸਾ,
ਚੰਦਰੀ ਕਬੀਲਦਾਰੀ
ਭੰਬੀਰੀ ਧਰੇ ਭੁਵਾ ਕੇ।

ਜਾਗਰ ਅਮਲੀ
ਸੱਥ ਵਿਚਕਾਰ,
ਬੈਠਾ ਆਣ
ਚੌਂਕੜੀ ਮਾਰ,
ਸੁਨਾਣ ਲੱਗਾ ਰਾਤ ਦੀ
ਤਲੀ ਤੇ ਜਰਦਾ ਲਾਕੇ।

'ਲਓ ਬਾਬਿਓ
ਹੋ ਗਿਆ ਕਾਰਾ,
ਝੂਰੀ ਬੰਸੋਂ
ਲੈ ਗਿਆ ਤਾਰਾ,
ਰਾਤੀਂ ਪਹਿਲੇ ਪਹਿਰ
ਚੋਰੀ ਛਿਪੇ ਨਸਾ ਕੇ।

'ਛਹਿਰ ਗਿਆ
ਝੂਰਾਂ ਦਾ ਲਾਣਾ,
ਲੱਗਦੈ ਸ਼ਾਮੀ
ਆਊ ਠਾਣਾ',
ਬੰਤੂ ਚਿੱਬੜ ਬੋਲਿਆ
ਮਿਰਚ ਮਸਾਲਾ ਲਾਕੇ।

ਤਾਰੇ ਦੇ ਸਭ
ਜਾਨਣ ਚੱਜ,
ਬੰਸੋਂ ਦੋ ਸੀ

ਰਤੀਆਂ ਵੱਧ,
ਭੈਣ ਦੇਣੀ ਦਿਆਂ ਰੱਖਤੀ
ਪਿੰਡ ਦੀ ਇੱਜ਼ਤ ਲਾਹ ਕੇ।

'ਕਿਉਂ ਬੰਤਿਆ
ਕੱਢਦੈਂ ਗਾਲ੍ਹਾਂ,
ਤੂੰ ਵੀ ਘੱਟ ਨਾ
ਸੁੱਟੀਆਂ ਰਾਲ੍ਹਾਂ,
ਤਾਰਾ ਤਾਂ ਸੀ ਮਿਰਜਾ
ਲੈ ਗਿਆ ਸ੍ਹੈਬਾਂ ਚਾ ਕੇ।'

ਜਾਗਰ ਮਾਰੀ
ਗੁੱਝੀ ਸੱਟ,
ਵੇਖਿਆ ਬੰਤੇ
ਘੂਰੀ ਵੱਟ,
ਬੈਠਿਆ ਨਿੱਸਲ ਹੋ
ਬੂਥੀ ਭੈੜੀ ਬਣਾ ਕੇ।

ਤੂੰ ਸੁਣਾ ਬਈ
ਗਿੰਦੇ ਮੱਲ
ਵੇਖਣ ਆਏ ਜੋ
ਤੈਨੂੰ ਕੱਲ੍ਹ,
ਪਿੱਛੋਂ ਕਿਹੜੇ ਪਿੰਡ ਦੇ
ਜੋ ਗਏ ਛੁਹਾਰਾ ਲਾਕੇ!'

'ਉਲਟੀਓ ਤਾਇਆ
ਬਣੀ ਕਹਾਣੀ,
ਕਿਸੇ ਸਾਲੇ ਨੇ
ਮਾਰਤੀ ਭਾਨੀ,
ਬੂਹੇ ਤੋਂ ਹੀ ਮੁੜਗੇ
ਸਾਸਰੀ ਕਾਲ ਬੁਲਾ ਕੇ।'

'ਦਿਲ ਤਾਂ ਕਰਦੈ
ਜਾਗਰ ਯਾਰ,
ਫੜਕੇ ਪਿੰਡ ਦੇ
ਭਾਨੀਮਾਰ,
ਕੁੱਪ ਬੰਨ੍ਹਕੇ ਸਾੜਾਂ
ਸਾਰੇ ਤੀਲੀ ਲਾਕੇ।'

ਗਿੰਦੇ ਕਿਹਾ
ਰੋਹ ਵਿੱਚ ਆ,
ਹੱਸੀ ਸੱਥ
ਖਿੜ-ਖਿੜਾ,
ਗਿੰਦੇ ਵੀ ਸਿਰ ਛੰਡਿਆ
ਫਿੱਕਾ ਰਿਹਾ ਮੁਸਕਾ ਕੇ।

'ਆ ਪਾੜ੍ਹਿਆ
ਬਹਿ ਵਿਚਕਾਰ
ਨਵਾਂ ਸੁਣਾ
ਕੋਈ ਸਮਾਚਾਰ,
ਤੂੰ ਤਾਂ ਪੜ੍ਹੇਂ 'ਖਬਾਰ
ਛਹਿਰੋਂ ਨਿੱਤ ਮੰਗਾ ਕੇ।

'ਤਾਇਆ ਜਿਹੜੀ
ਹੱਦ ਮੁਕਾ ਤੀ,
ਅਯੁੱਧਿਆ ਵਾਲੀ
ਮਸਜਿਦ ਢਾਹ ਤੀ,
ਦਰਜਨਾਂ ਬੰਦੇ ਸਾੜੇ
ਜਿਉਂਦੇ ਅੱਗਾਂ ਲਾਕੇ।'

''ਵਾਗਰੂ-ਵਾਗਰੂ
ਏਡਾ ਕੈਰ,
ਆਦਮੀ ਅੰਦਰ
ਭਰਿਆ ਜੈਰ,'
ਤਾਇਆ ਮਨਸਾ ਬੋਲਿਆ
ਮੂੰਹ ਵਿਚ ਉਂਗਲਾਂ ਪਾਕੇ।

'ਅਜੇ ਸ਼ੁਰੂ
ਹੋਈ ਆ ਗੱਲ,
ਖੌਰੇ ਕਦੂੰ
ਪਊਗੀ ਠੱਲ੍ਹ,
ਕਾਰ ਸੇਵਕ ਤਾਂ ਕਹਿੰਦੇ
ਮੁੜਨਾ ਮੰਦਰ ਬਣਾ ਕੇ।'

'ਕਿੱਧਰ ਚਲਿਐਂ,
ਬੰਤਿਆ ਯਾਰਾ,

ਸਿਆਸਤਾਂ ਹੁਣ
ਸਮਝਾਊ ਪਾੜ੍ਹਾ,
ਬਹਿ ’ਕੱਠੇ ਆ ਚਲਦੇ
ਘੜੀ ਕੁ ਹੋਰ ਲਾਕੇ।

‘ਅੱਗੇ ਹੋ ਗਈ
ਕੁਵੇਲ ਬੜੀ,
ਭੈਣ ਦਵੇ
ਸਿਆਸਤ ਖੜੀ,
ਆਪਾਂ ਸਾਜਰੇ ਮੁੜਨੈਂ
ਖੇਤਾਂ ’ਚ ਫਲੇ ਪਾਕੇ।

## ਖੇਤ

ਚਿੱਟੀ ਦੁੱਧ
ਕਪਾਹ ਖਿੜੀ,
ਮੱਕੀ ਮੋਤੀਆਂ
ਨਾਲ ਜੜੀ,
ਨਿਸਰੀ ਖੜ੍ਹੀ ਜਵਾਰ ਹੋ।

ਖੂਹ ਗੇੜਨ
ਕਾਲੇ ਢੱਗੇ,
ਖਾਲ੍ਹਾਂ ਅੰਦਰ
ਪਾਣੀ ਵੱਗੇ,
ਸੋਨ ਲਿਸ਼ਕਾਂ ਮਾਰ ਹੋ।

ਮੱਝਾਂ-ਗਾਂਵਾਂ
ਚੁਗਣ ਘਾਹ,
ਕਾਂ, ਲਾਲੀਆਂ
ਲਾ ਕੇ ਦਾਅ,
ਉੱਡਣ ਠੁੰਗੇ ਮਾਰ ਹੋ।

ਤੂੜੀ ਨੱਪੇ
ਕੁੱਪ ਖੜੇ,
ਗਾਰੇ ਪਾਥੀਆਂ
ਨਾਲ ਜੜੇ,
ਹਾਲੀਆਂ ਦੇ ਮਿਨਾਰ ਹੋ।

ਪੀਹ-ਪੀਹ
ਪਪੀਹਾ ਬੋਲੇ,
ਮਿੱਠਾ ਸ਼ੈਦ
ਕੰਨੀ ਘੋਲੇ,
ਰਾਗ ਗਾ ਮਲਹਾਰ ਹੋ।

ਦੂਰ ਜੱਟ
ਹੱਲ ਚਲਾਵੇ,
ਨਾਲੋ - ਨਾਲ

ਮਿਰਜਾ ਗਾਵੇ
ਹੇਕ ਲਾਵੇ ਸਵਾਰ ਹੋ।

ਬੱਲਦਾਂ ਗਲ਼
ਟੱਲੀਆਂ ਬੋਲਣ,
ਟੁਣਨ-ਟੁਣਨ
ਆਵਾਜ਼ਾਂ ਮੌਲਣ
ਹੋਏ ਸਾਜ਼ ਤਿਆਰ ਹੋ।

ਵਿੱਚੇ ਛੱਡਕੇ
ਆਇਆ ਹੱਲ,
ਭੱਤਾ ਲੈ ਕੇ
ਆਈ ਚੱਲ,
ਜੱਟ ਦੀ ਸੋਹਣੀ ਨਾਰ ਹੋ।

ਰੋਟੀ, ਮੱਖਣ
ਨਾਲੇ ਸਾਗ,
ਟੁੱਕਰ ਚਾਰ
ਜੱਟ ਦੇ ਭਾਗ,
ਲੱਸੀ ਠੰਡੀ-ਠਾਰ ਹੋ।

ਨਾਲੇ ਜੱਟੀ
ਝੱਲੇ ਪੱਖੀ,
ਮਿੱਠੀ ਨਜ਼ਰੇ
ਜਾਵੇ ਤੱਕੀ,
ਦਿਲ ਦਾ ਰਾਂਝਣ ਯਾਰ ਹੋ।

ਟਾਹਲੀ ਉੱਤੇ
ਮਾਰ ਨਿਗਾਹ,
ਵੇਖਣ ਦੋਵੇਂ
ਨੀਝਾਂ ਲਾ,
ਨੈਣੀ ਭਰ ਖ਼ੁਮਾਰ ਹੋ।

ਟਹਿਣੀ ਉੱਤੇ
ਚਿੜੀ-ਚਿੜਾ,
ਚੁੰਝਾਂ ਦੇ ਨਾਲ
ਚੁੰਝ ਮਿਲਾ,
ਕਰਦੇ ਲਾਡ ਪਿਆਰ ਹੋ।

ਮਿੱਠੇ ਮਿੱਠੇ
ਹਾਸੇ ਛਣਕੇ,
ਧੱਕ ਧੱਕ ਪਏ
ਸੀਨੇ ਧੜਕੇ,
ਨਿੱਘਾ ਜੱਫਾ ਮਾਰ ਹੋ।

ਸੀਰੀ ਲੱਸੀ
ਲੈਣ ਬਹਾਨੇ,
ਆਇਆ ਟੀਰੇ
ਕਰਕੇ ਆਨੇ,
ਖੰਘੂਰਾ ਲੰਮਾ ਮਾਰ ਹੋ।

ਫੁਰਰ ਹੋਏ
ਚਿੜੀ-ਚਿੜਾ,
ਟਹਿਣੀ ਕਾਂ
ਝੰਜੋੜੀ ਆ,
ਖੇਡੋਂ ਗਿਆ ਵਿਸਾਰ ਹੋ।

## **ਛਿਲਾ**

ਸ਼ਗਨਾਂ ਭਰੀ ਸਬਾਤ 'ਚੋਂ
ਮਹਿਕ ਚੰਦਨ ਦੀ ਆਵੇ।
ਕਰਮਾਂ ਵਾਲੀ ਨਾਰ ਇੱਕ
ਛਿਲਾ ਪਈ ਹੰਢਾਵੇ।
ਕਰੂੰਬਲਾਂ ਨੇ ਫੁੱਟੀਆਂ।

ਬੂਹੇ ਮੱਥੇ ਸ਼ਰੀਹ
ਮਹਿਰੀ ਬੰਨ੍ਹਿਆਂ ਲਿਆ,
ਦੇਣ ਪਏ ਵਧਾਈਆਂ
ਆਂਢੀ-ਗੁਆਂਢੀ ਆ।
ਦਾਤਾਂ ਮਿਲੀਆਂ ਵੱਡੀਆਂ।

ਖੁਸ਼ੀਆਂ ਦੇ ਵਿੱਚ ਖੀਵਾ
ਚਾਚਾ ਥਾਲ ਵਜਾਵੇ,
ਪਤਾਸਿਆਂ ਦੀ ਪਰਾਤ ਭਰ
ਦਾਦਾ ਪਿਆ ਵਰਤਾਵੇ,
ਭਰ ਭਰ ਕੇ ਮੁੱਠੀਆਂ।

ਵਿਹੜੇ ਵਿਚ ਖਲੋ ਕੇ
ਲਾਗੀ ਲਾਗ ਮੰਗਦੇ,
ਘਰਦਿਆਂ ਦੇ ਸਿਰੀ ਆ
ਮੱਲੋ-ਮੱਲੀ ਟੁੰਗਦੇ।
ਦੁੱਬ ਦੀਆਂ ਗੁੱਟੀਆਂ।

ਦਾਦੀ ਗੁੜਤੀ ਦੇ ਰਹੀ
ਝੋਲੀ ਗੀਗਾਂ ਪਾ,
ਜੂਠਾ ਗੁੜ ਚਟਾਵੇ
ਰੱਜ-ਰੱਜ ਲਾਡ ਲਡਾ,
ਦਵੇ ਅਸੀਸਾਂ ਮਿੱਠੀਆਂ।

ਕੁੱਜੇ ਸਿੱਕਾ, ਹਲਦੀ
ਗੰਗਾ ਜਲੀ ਮਿਲਾ,
ਵੱਡੀ ਭੂਆ ਗੀਗੇ ਦੀ
ਧੋਂਦੀ ਲਿਆ ਕੇ ਘਾਹ,
ਭਾਬੋ ਦੀਆਂ ਦੁੱਧੀਆਂ।

ਦੁੱਧੀਆਂ ਦੋਵੇਂ ਧੋਕੇ
ਗੀਗਾ ਕੁੱਛੜ ਚਾ,
'ਮੰਮਾਂ ਧੁਆਈ' ਮੰਗਦੀ
ਆਪਣੀ ਜਿੱਦ ਪੁਗਾ,
ਸੋਨੇ ਦੀਆਂ ਮੁੰਦੀਆਂ।

ਹਿੱਕ ਲੱਗਾ ਮਾਂ ਦੀ
ਬਾਲ ਦੁੱਧ ਚੁੰਗੇ,
ਗੁਲਾਨਾਰੀ ਥਣਾਂ ਨੂੰ
ਮਾਰੇ ਪਿਆ ਠੁੰਗੇ,
ਖਿੱਚਾਂ ਪੈਣ ਮਿੱਠੀਆਂ।

ਥਣਾਂ ਵਿੱਚੋਂ ਮਮਤਾ
ਰਿਸ-ਰਿਸ ਪੈਂਦੀ,
ਇਲਾਹੀ ਇੱਕ ਨਸ਼ੇ ਦਾ
ਮਾਂ ਸੁਆਦ ਲੈਂਦੀ,
ਅੱਖਾਂ ਜਾਣ ਮੁੰਦੀਆਂ।

ਸਰ੍ਹਾਣੇ ਲੋਹਾ, ਦਾਤੀ
ਕੋਠੇ ਝਿੰਗਾਂ-ਝਾੜੀਆਂ,
ਰੱਖੋ ਤਾਂ ਜੋ ਦੂਰ ਹੀ
ਰਹਿਣ ਬਲਾਵਾਂ ਮਾੜੀਆਂ,
ਮੱਤਾਂ ਦੇਣ ਬੁੱਢੀਆਂ।

ਢੋਲੀ ਢੋਲ ਵਜਾਇਆ
ਵਿਹੜੇ ਦੇ ਵਿੱਚ ਆਣ,
ਜੁੜੀਆਂ ਸਾਕ ਸਕੀਰੀਆਂ
ਨੱਚਣ, ਮਾਹੀਏ ਗਾਣ,
ਪਾ ਪਾ ਕੇ ਲੁੱਡੀਆਂ
ਦਾਤਾਂ ਮਿਲੀਆਂ ਵੱਡੀਆਂ।

**ਦੇਬੋ**

ਪਹਿਲੀ ਵਾਰੀ
ਖੂਹਾ ਗਿੜਿਆ
ਮਿੱਠਾ ਸ਼ਰਬਤ ਪਾਣੀ ਹੋ।
ਦੇਬੋ ਲੈ ਕੇ
ਨਾਮ ਸਾਈਂ ਦਾ
ਝਜਰੀ ਭਰੇ ਨਿਮਾਣੀ ਹੋ।

ਲਾ ਕੇ ਢਾਕੇ
ਤੁਰ ਪਈ ਜੀਕਣ
ਤੋਰ ਤੁਰੇ ਪਟਰਾਣੀ ਹੋ।
ਦੇਵੇ ਜਿਸ ਘਰ
ਗੀਗਾ ਜੰਮਿਆਂ
ਰੁੱਤ ਖੰਡ-ਮਖਾਣੀ ਹੋ।

ਰੱਜ-ਰੱਜ ਬੈਠੀ
ਲਵੇ ਵਧਾਈਆਂ
ਛਿਲੇ ਵਿੱਚ ਸੁਆਣੀ ਹੋ।
ਲੋਰੀਆਂ ਦੇਵਣ
ਲਾਡ-ਲਡਾਵਣ
ਪਿਓ-ਰਾਜਾ, ਮਾਂ ਰਾਣੀ ਹੋ।

ਨਹਾਵਣ ਗੀਗਾ
ਸ਼ਗਨ ਮਨਾਵਣ
ਨਿੱਘਾ-ਨਿੱਘਾ ਪਾਣੀ ਹੋ।
ਲਾਗ ਲੈ ਕੇ
ਦੇਬੋ ਦੇਂਦੀ
ਅਸੀਸਾਂ ਉਮਰਾਂ ਤਾਣੀ ਹੋ।

ਦੂਜੀ ਵਾਰੀ
ਖੂਹਾ ਗਿੜਿਆ
ਝਰ-ਝਰ ਵੱਗਿਆ ਪਾਣੀ ਹੋ।
ਦੇਬੋ ਲੈ ਕੇ
ਨਾਮ ਸਾਈਂ ਦਾ
ਘੜੋਲੀ ਭਰੇ ਨਿਮਾਣੀ ਹੋ।

ਤੁਰਦੀ ਜੀਕਣ
ਪੈਲਾਂ ਪਾਂਦਾ
ਮੋਰ ਵੇਖਕੇ ਹਾਣੀ ਹੋ।
ਦੇਵੇ ਜਿਸ ਘਰ
ਖਾਰੇ ਚੜ੍ਹੀ
ਰੁੱਤ ਇੱਕ ਅੱਗਾਂ ਲਾਣੀ ਹੋ।

ਭੈਣ-ਭਾਬੀਆਂ
ਘੋੜੀਆਂ ਗਾਵਣ
ਲਾਲ ਦੁੱਪਟੇ ਤਾਣੀ ਹੋ।
ਵਟਣਾ ਮਲ਼
ਨਹਾਵਣ ਕੁੜੀਆਂ
ਲੁੱਡੀਆਂ ਪਾਵਣ ਹਾਣੀ ਹੋ।

ਖ਼ੁਸ਼ਬੋ-ਖ਼ੁਸ਼ਬੋ
ਪਿੰਡਾ ਮਹਿਕੇ
ਜਿਵੇਂ ਰਾਤ ਦੀ ਰਾਣੀ ਹੋ।
ਲਾਗ ਲੈ ਕੇ
ਦਵੇ ਵਧਾਈਆਂ
ਦੇਬੋ ਕੁਲਾਂ ਤਾਣੀ ਹੋ।

ਤੀਜੀ ਵਾਰੀ
ਖੂਹਾ ਗਿੜਿਆ
ਪੀਲਾ-ਭੂਕ ਪਾਣੀ ਹੋ।
ਦੇਬੋ ਲੈ ਕੇ
ਨਾਮ ਸਾਈਂ ਦਾ
ਘੜਾ ਭਰੇ ਨਿਮਾਣੀ ਹੋ।

ਥੱਕੀ ਹਾਰੀ
ਦੇਵਣ ਤੁਰ ਪਈ
ਉੱਥੇ ਖਸਮਾ ਖਾਣੀ ਹੋ।
ਮਾਰ ਕੇ ਧਾਹੀਂ
ਰੋਵਣ ਜਿੱਥੇ
ਨਿੱਕੇ-ਵੱਡੇ ਹਾਣੀ ਹੋ।

ਜਿਨ੍ਹਾਂ ਹੱਥੋਂ
ਵਿਹੰਦੇ-ਵਿਹੰਦੇ
ਨਿੱਖੜੀ ਰੂਹ ਸਿਆਣੀ ਹੋ।

ਡੂੰਘੇ ਵੈਣ
ਬੜੇ ਦਰਦੀਲੇ
ਚੀਰਣ ਦਿਲਾਂ ਤਾਣੀ ਹੋ।

ਨਹਾਵਣ ਮੁਰਦਾ
ਰਸਮਾਂ ਪੂਰਨ
ਹੋਈ ਖ਼ਤਮ ਕਹਾਣੀ ਹੋ।
ਦੂਰ ਖਲੋ ਕੇ
ਦੇਬੋ ਮੰਨਦੀ
ਖ਼ੈਰ ਪੁਸ਼ਤਾਂ ਤਾਣੀ ਹੋ।

## ਪੱਕੀ ਥਾਂ

ਪਿੰਡੋਂ ਬਾਹਰ
ਪੱਕੀ ਥਾਂ,
ਜਿੱਥੇ ਬੋਲਣ
ਉੱਲੂ-ਕਾਂ।

ਡੱਬ-ਖੜੱਬੀ
ਬੜੀ ਡਰਾਣੀ
ਬੁੱਢੇ ਰੁੱਖ ਦੀ
ਕਾਲੀ ਛਾਂ।

ਬੰਜਰ ਭੋਇੰ
ਉੱਗੀ ਥੋਹਰ
ਚਾਰੇ-ਪਾਸੇ
ਭਾਂ-ਭਾਂ।

ਲੇਹਾਂ ਲੱਥੀਆਂ
ਠੀਕਰ-ਠੀਕਰ
ਦਿੱਸਣ ਕਬਰਾਂ
ਥਾਂ-ਕੁਥਾਂ।

ਦਫ਼ਨ ਏਥੇ
ਮੁਸਲਮਾਨ ਨੇ
ਲੋਕਾਂ ਦੀ ਇਹ
ਕਹੇ ਜੁਬਾਂ।

ਜਿਹੜਾ ਏਥੇ
ਹੱਗੇ-ਮੂਤੇ
ਸੁੱਟਣ ਕਬਰਾਂ
ਦੂਰ ਭਵਾਂ।

ਟੁੱਟੀ-ਭੱਜੀ
ਬੜੀ ਪੁਰਾਣੀ
ਨਿੱਕੀ ਜਿਹੀ
ਇੱਕ ਸਰਾਂ।

ਇਸਦੇ ਉਹਲੇ
ਬੁੱਚੜ ਬਹਿ
ਛਿੱਲਣ ਮੋਈ
ਮੱਝ-ਗਾਂ।

ਏਥੇ ਰਾਤੀਂ
ਛੈਣੇ ਵੱਜਣ
ਲਾਂਬੂ ਕਦੇ
ਲੱਗਣ ਜਾਂ।

ਵਹਿਮਣ ਕਈ
ਰਲ ਤੀਵੀਆਂ
ਪੂਜਣ ਜਾਵਣ
ਪੱਕੀ ਥਾਂ।

ਜਾਗਰ ਅਮਲੀ
ਵੇਖੀ ਏਥੇ
ਫਿਰਦੀ ਆਪਣੀ
ਮੋਈ ਮਾਂ।

ਬੀਰੇ ਗੱਪੀ
ਵੇਖੇ ਭਾਂਬੜ
ਵੱਲ਼ ਖਾ-ਖਾ
ਚੜ੍ਹਨ ਉਤ੍ਹਾਂ।

ਠਰਕੀ ਘੁੱਲੇ
ਵੇਖੀ ਨੱਚਦੀ
ਸੁੰਦਰ ਇਥੇ
ਪਰੀ ਜਵਾਂ।

ਕਹੇ ਸੈਣਤਾਂ
ਮਾਰ ਬੁਲਾਵੇ
ਘੁੱਲਾ-ਘੁੱਲਾ
ਲੈ ਕੇ ਨਾਂ।

ਗੱਲਾਂ ਸੁਣਕੇ
ਹੱਸਦੇ ਰਹਿੰਦੇ

ਪਾੜ੍ਹੇ, ਗੱਭਰੂ
ਨੌ-ਜਵਾਂ।

'ਜਾਗ੍ਰਤੀ' ਦੀ
ਕਰਦੇ ਗੱਲ
ਮੰਨਦੇ ਨਹੀਂ
ਥਾਂ-ਕੁਥਾਂ।

ਪਿੰਡੋਂ ਬਾਹਰ
ਪੱਕੀ ਥਾਂ
ਜਿੱਥੇ ਬੋਲਣ
ਉੱਲੂ-ਕਾਂ।

## ਵੱਗ

ਧੌਣਾਂ ਨੀਵੀਆਂ ਪਾ।
ਪਿੰਡ ਦੀ ਫਿਰਨੋ-ਫਿਰਨੀ,
ਕੂਲਾ-ਕੂਲਾ ਘਾਹ।
ਮੱਝਾਂ-ਗਾਵਾਂ ਚੁਗਦੀਆਂ,

ਬਿਨਾਂ ਦੰਦੋਂ ਖੀਰੀਆਂ।
ਚੁਗਣ ਦੁੱਗੀਆਂ-ਚੁਗੀਆਂ
ਮੱਝਾਂ ਲੋਹੀਆਂ-ਬੂਰੀਆਂ।
ਗਾਂਵਾਂ ਦੁੱਧੋਂ ਚਿੱਟੀਆਂ

ਟਾਹਲੀ ਹੇਠਾਂ ਜਾ।
'ਗੱਭਣ' ਛਾਵੇਂ ਚੁਗਦੀ
ਲੱਗੇ ਸੇਕ ਮਤਾ।
ਢਿੱਡ ਵਿਚਲੇ ਹਮਲ ਨੂੰ

ਖੜੀ 'ਪੰਜ ਕਲਿਆਣੀ'।
ਧੋਤੇ ਖੁਰਾਂ ਵਾਲੀ
ਹੋਵੇ ਇਕ ਮਹਾਰਾਣੀ।
ਜੀਕਣ ਸਾਰੇ ਵੱਗ ਦੀ

'ਫੂਲੋ' ਮੱਥੇ ਫੱਬਦਾ।
ਚਿੱਟਾ ਫੁੰਮਣ ਰੇਸ਼ਮੀ
ਸੁਹਾਗ ਟਿੱਕਾ ਰੱਬ ਦਾ।
ਜਿਸ ਨੂੰ ਧੁਰੋਂ ਲੱਗਿਆ

ਪਿੱਛਾ ਭਾਰੀ ਹੋਇਆ।
ਊਂਘਦੀ 'ਭਲਿਆਟ' ਦਾ
ਮਾਸਾ-ਮਾਸਾ ਕੋਹਿਆ।
ਜਣੇਪੇ ਦੀਆਂ ਪੀੜਾਂ

ਚੁਗਦੀ ਚੁਪ ਅਡੋਲ।
'ਨਵੀਂ ਕਰਾਈ' ਝੋਟੀ
ਜਿਹੜੀ ਰਹੀ ਸੀ 'ਬੋਲ'
ਦਿਨੇ ਰਾਤੀਂ ਕੱਲ੍ਹ ਦੀ।

ਨਿਖਰੀ ਕਾਲੀ ਦੇਹ।
ਕੁੰਡੀ-ਕੁੰਡੀ 'ਪਹਿਲੂਣ' ਦੀ
ਪਹਿਲਾ ਸੂਆ ਦੇ।
ਲਿਉਟੀ ਦੁੱਧ ਲੱਥਿਆ

ਵੱਗ ਤੋਂ ਬੈਠੀ ਦੂਰ।
'ਫੰਡਰ' ਖੜੀ ਲੂਸਦੀ
ਜੀਕਣ ਰਹੀ ਝੂਰ।
ਕਰਮਾ ਮਾਰੀ ਦੇਹ ਨੂੰ

ਟਿੱਬੇ ਬੈਠਾ ਚੜ੍ਹਕੇ।
'ਛੇੜੂ' ਬਾਲ ਅੰਞਾਣਾ
ਠੋਡੀ ਉਂਗਲ ਧਰਕੇ।
ਡੰਗਰਾਂ ਨੂੰ ਝਾਕਦਾ

ਮਾਂ ਲਵੇਰੀ ਨਾਲ।
ਵੱਛਾ ਵੇਖੇ ਖੇਡਦਾ
ਲਾ ਜੋ ਡੱਡੂ ਛਾਲ।
ਥਣ ਮਾਂ ਦੇ ਚੁੰਘਦਾ

ਇੱਲਤਾਂ ਕਰੇ ਹਜ਼ਾਰ।
ਮਾਰੇ ਪਿਆ ਟਪੂਸੀਆਂ
ਗਿਰਿਆ ਚਿੱਤੜਾਂ ਭਾਰ।
ਖਾ ਕੇ ਇਕ ਭੁਆਟਣੀ

ਆ ਕੇ ਮਾਂ ਦੇ ਨਾਲ।
ਨੀਵੀਂ ਪਾ ਖਲੋ ਗਿਆ
ਮੈਲੇ ਹੋ ਗਏ ਵਾਲ।
ਮਾਂ ਲਾਡਾਂ ਨਾਲ ਚੱਟਦੀ

ਖਿੜ-ਖਿੜ ਕੇ ਹੱਸਦਾ।
ਵੇਖ ਛੇੜੂ ਵੱਛੜਾ
ਗੁੜ ਨਾਲ਼ੇ ਚੱਟਦਾ।
ਤਲੀ ਉੱਤੇ ਰੱਖਿਆ

ਪਾਲੀ ਸਾਰੇ ਵੱਗ ਦਾ।
ਨਿੱਕਾ ਜਿਹਾ ਟਟਹਿਣਾ
'ਕਾਨ੍ਹ' ਜਿਵੇਂ ਲੱਗਦਾ।
ਨਟਖਟ ਗੋਕਲ ਦਾ

## ਬੋਹੜ

ਬੁੱਢਾ ਬੋਹੜ
ਲੰਮੇ ਦਾਹੜੇ।
ਧਰਤੀ ਨੂੰ ਪਿਆ
ਬੁੱਕਲ ਮਾਰੇ।

ਵਿੱਚ ਚੌਰਾਹੇ
ਲਿਫ਼-ਲਿਫ਼ ਪੈਂਦਾ
ਅਮਲੀ ਜੀਕਣ
ਅਮਲ ਚਾੜ੍ਹੇ।

ਨਿੱਕੇ ਹੁੰਦਿਆਂ
ਇਸਦੀ ਗੋਦੀ
ਬਹਿਕੇ ਕੀਤੇ
ਯਾਦ ਪਹਾੜੇ।

ਲਾਲ-ਪੀਲ਼ੀਆਂ
ਇਸਦੀਆਂ ਗੋਲ੍ਹਾਂ
ਤੋੜਦੇ ਰਹਿੰਦੇ
ਚੜ੍ਹ ਕੰਦਾੜੇ।

ਇਸਦੀ ਸਾਵੀ
ਛੱਤਰੀ ਉਤੇ
ਪੰਛੀ ਪਾਂਦੇ
ਚੀਕ–ਚਿਹਾੜੇ।

ਰੋਜ਼ ਸ਼ਾਮ ਨੂੰ
ਇਸਦੇ ਹੇਠਾਂ
ਪੀਤੂ ਲੰਙਾ
ਕਰਦਾ ਝਾੜੇ।

ਜਾਂ ਕੋਈ ਬਿਰਧ
ਇਸ ਦੀ ਛਾਂਵੇਂ
ਬੀਤੇ ਜੁਗ ਦੀ
ਕਥਾ ਉਤਾਰੇ।
ਸੁਣ ਕੇ ਕੁਝ ਕੁ

ਖਿਸਕਣ ਲੱਗਦੇ
ਕੁਝ ਕੁ ਸੋਚੀ
ਪੈਣ ਵਿਚਾਰੇ।

ਜਾਂ ਫਿਰ ਪਿੰਡ ਦੇ
ਸ਼ੌਂਕੀ ਗੱਭਰੂ
ਵਿਹਲੇ ਹੋਕੇ
ਜੁੜਦੇ ਸਾਰੇ।

ਵਿਹੰਦੇ ਰਹਿੰਦੇ
ਸ਼ੋਖ ਨਜ਼ਰੀਂ
ਆਂਦੇ-ਜਾਂਦੇ
ਹੁਸਨ ਨਜ਼ਾਰੇ।

ਪਰ ਅੱਜ ਇਸਦੇ
ਸਿਆਣੇ ਪਿੰਡੇ
ਤਿੱਖੀ ਧਾਰ ਦੇ
ਪਏ ਕੁਹਾੜੇ।

ਕੁਝ ਕੁ ਦਮੜੇ
ਮੁੱਲ ਪੁਵਾ ਕੇ
ਕਿਸੇ ਨੇ ਇਸ ਦੇ
ਅੰਗ-ਅੰਗ ਪਾੜੇ।

ਮੇਰੇ ਅੰਦਰੋਂ
ਅਨਾਥ ਹੋ ਗਿਆ
ਮੇਰਾ ਬਚਪਨ
ਭੁੱਬਾਂ ਮਾਰੇ।

ਹੁਣ ਚੌਰਾਹਾ
ਸੁੰਨਾ-ਸੁੰਨਾ
ਬੈਠੀ ਮੌਤ
ਅਵਾਜ਼ਾਂ ਮਾਰੇ।

ਕੁਹਾੜੇ ਵਾਲਿਆ
ਰੱਬ ਕਰੇ ਵੇ
ਤੈਨੂੰ ਡਾਢਾ
ਕੋਈ ਲਤਾੜੇ।

ਬੁੱਢਾ ਬੋਹੜ
ਲੰਮੇ ਦਾਹੜੇ।

## ਤ੍ਰਿੰਝਣ

ਲੰਬੜਾਂ ਵਿਹੜੇ
ਸਿਖਰ ਦੁਪਹਿਰੇ
ਹਾਣ-ਮੁਹਾਣ ਬੁਲਾ।
ਨਿੰਮ ਦੀ ਛਾਵੇਂ
ਕੁੜੀਆਂ-ਚਿੜੀਆਂ
ਤ੍ਰਿੰਞਣ ਰਹੀਆਂ ਸਜਾ।

ਕੂਲ਼ੀ, ਚਿੱਟੀ
ਲੰਗੜ, ਖਾਕੀ
ਫੁੱਟਾਂ ਵਾਲੀ ਕਪਾਹ,
ਸਿਰ ਤੇ ਧਰਕੇ
ਬੋਹੀਏ ਆਈਆਂ
ਚਰਖੇ ਢਾਕੇ ਲਾ।

ਘੇਰਾ ਬੰਨ੍ਹ ਕੇ
ਬੈਠੀਆਂ ਸਭੇ
ਚਰਖੇ ਰੰਗਲੇ ਡਾਹ,
ਤਰਖਾਣਾਂ ਬਹਿ
ਸਜਾਏ ਜਿਹੜੇ
ਵੇਲ-ਬੂਟੀਆਂ ਪਾ।

ਨਿੱਕੀ ਨੂੰਹ
ਲੰਬੜਾਂ ਦੀ ਨੇ
ਅੰਦਰੋਂ ਛੱਜ ਮੰਗਾ,
ਰੱਖ ਵਿਚਾਲੇ
ਚਿਣ ਪੂਣੀਆ
ਛੋਪੇ ਦਿੱਤੇ ਪਾ।

ਹੱਥਿਆਂ ਉੱਤੇ
ਉਂਗਲਾਂ ਧਰੀਆਂ
ਕੁੜੀਆਂ ਜਦੋਂ ਭਵਾਂ,
ਸਣੇ ਮਝੇਰੂਆਂ
ਫਿਰੇ ਖਰੰਬੜ

ਮਾਲ੍ਹਾਂ ਨਾਲ ਘੁਮਾ।
ਇੱਕੋ ਸੁਰ ਵਿਚ
ਕੂਕੇ ਚਰਖੇ
ਲੰਮੇ ਭਰ–ਭਰ ਸਾਹ,
ਪਲਤ ਦੇ ਵਿਚ
ਰਲ ਕੇ ਨੱਢੀਆਂ
ਤ੍ਰਿੰਞਣ ਲਿਆ ਭਖਾ।

ਪੂਣੀਆ ਲਾ-ਲਾ
ਕੱਤਣ ਪਈਆਂ
ਲੰਮੀਆਂ ਤੰਦਾਂ ਪਾ,
ਘੁੰਮਦੇ ਤੱਕਲੇ
ਰੂੰ ਦੇ ਫੰਭੇ
ਅੰਬਰੀ ਰਹੇ ਉਡਾ।

ਬੰਸੋ ਬੈਠੀ
ਛੋਪੇ ਸੁੱਟੇ
ਰੰਗਲੀ ਚੌਂਕੀ ਡਾਹ,
ਨਾਲੇ ਆਪਣਾ
ਚਰਖਾ ਕੱਤੇ
ਗੋਡੀਂ ਸਿਰ ਟਿਕਾ।

ਤੀਲੀ ਵਾਲੀ
ਪਾਸ਼ੋ ਕੱਤਦੀ
ਕਾਹਲ਼ਾ ਹੱਥ ਚਲਾ,
ਆਂਦੇ ਮਾਘ
ਜਿਸਦਾ ਮਾਪਿਆਂ
ਦਿੱਤਾ ਰੱਖ ਵਿਆਹ।

ਅੱਧ ਵਿਚਾਲ਼ੋਂ
ਟੁੱਟਣ ਤੰਦਾਂ
ਜੋੜੇ ਔਸੀਆਂ ਪਾ,
ਬੇ-ਧਿਆਣੀ
ਛਿੰਦੋਂ ਕੱਤੇ
ਮਾਹੀ ਦੂਰ ਗਿਆ।

ਬੈਠੀ ਪਰੇ
ਅੱਲ੍ਹੜ ਕਿਸ਼ਨੋ

ਆਪੇ ਰਹੀ ਮੁਸਕਾ,
ਦਿਲ 'ਚ ਲਿਆ
ਜਿਸਨੇ ਚੋਰੀ
ਰਾਂਝਾ ਇੱਕ ਵਸਾ।

ਮਾਂ ਦਾ ਅੱਧ-
ਪੁਰਾਣਾ ਚਰਖਾ
ਰਤਨੋ ਬੈਠੀ ਡਾਹ,
ਚੇਤੇ ਕਰਕੇ
ਮੋਈ ਮਾਂ ਨੂੰ
ਦਿਲ ਨੂੰ ਹੌਲ ਪਿਆ।

ਸਜ ਵਿਆਹੀ
ਮਾਣੋ ਕੱਤਦੀ
ਚੂੜੇ ਨੂੰ ਛਣਕਾ,
ਪੈਰੋਂ ਭਾਰੀਂ
ਮੇਲੋ ਕੱਤੇ
ਪੋਲੀ ਲੱਠ ਘੁਮਾ।

ਲਾਲ ਮੁੰਨਿਆਂ
ਵਾਲਾ ਚਰਖਾ
ਸਰਨੋ ਰਹੀ ਵਿਖਾ,
ਵਿੱਚ ਸੰਧਾਰੇ
ਦੇ ਗਿਆ ਲਾਗੀ
ਸਹੁਰਿਆਂ ਵੱਲੋਂ ਆ।

ਲੁਬਾਣਿਆਂ ਦੀ
ਮੰਗਲੀਕ ਤਾਰੋ
ਸਹਿਮੇ ਜਿਸਦੇ ਚਾਅ,
ਪਾਵੇ ਤੰਦਾਂ
ਕਾਲਾ-ਦੁਪੱਟਾ
ਦੰਦਾਂ ਹੇਠ ਚਬਾ।

ਸਾਉਲੀ ਜੀਤੋ
ਪੀਹੜੀ ਹੇਠਾਂ
ਦਾਣੇ ਧਰੇ ਭੁਨਾ,
ਵਿੱਚ-ਵਿਚਾਲੇ
ਨਿਸਲ ਹੋ ਕੇ
ਫੱਕਾ ਲੈਂਦੀ ਲਾ।

ਲਾਹ ਤੱਕਲੇ ਤੋਂ
ਛੱਲੀਆਂ ਰੱਖਣ
ਛਿੱਕੂਆਂ ਵਿਚ ਟਿਕਾ,
ਚੁਗ-ਚੁਗ ਫੇਰ
ਅਟੇਰੇ ਮੁੰਢੇ
ਸੰਤੀ ਮਗਰੋਂ ਆ।

ਮਾਰ ਫਰਾਟੇ
ਵਿੱਚ-ਵਿਚਾਲੇ
ਆਵੇ ਤੇਜ ਹਵਾ,
ਨਿੰਮ ਦੇ ਪੱਤੇ
ਨਾਲ ਨਮੋਲ਼ੀਆਂ
ਗਿਰਨ ਸਿਰਾਂ ਤੇ ਆ।

ਗੱਲੀਂ-ਬਾਤੀਂ
ਲੱਗੀਆਂ-ਕੁੜੀਆਂ
ਸ਼ਾਮਾਂ ਦਿੱਤੀਆਂ ਪਾ,
ਮਾਂਵਾਂ ਹਾਕਾਂ
ਮਾਰਨ ਲੱਗੀਆਂ
ਘਰੇ ਮਰੋ ਹੁਣ ਆ।

ਨਿਖੜਨ ਤਾਈਂ
ਦਿਲ ਨਾ ਰਾਜੀ
ਕੱਤਣ ਬੇ-ਪ੍ਰਵਾਹ,
ਨਾਲ਼ੇ ਕੱਤਣ
ਨਾਲ਼ੇ ਗਾਵਣ
ਲੰਮੀਆਂ ਹੇਕਾਂ ਲਾ।

ਲੈਣ ਆ ਗਏ
ਆਪੇ ਘਰ ਦੇ
ਮੱਥੇ ਤਿਉੜੀਆਂ ਪਾ,
ਵਿਹੜੇ ਵਿਚੋਂ
ਉੱਡੀਆਂ ਚਿੜੀਆਂ
ਪਈਆਂ ਘਰਾਂ ਦੇ ਰਾਹ।

ਵੇਖੇ ਨਿੰਮ
ਨਿਖੜਦਾ ਮੇਲਾ
ਭਰ-ਭਰ ਕੇ ਨਿਗਾਹ,
ਅੱਜ ਵਾਂਗ
ਤ੍ਰਿੰਞਣੀ ਕੁੜੀਆਂ
ਬਹਿਣਾ ਕਦੋਂ ਭਲਾ!

## ਮੇਲਾ

ਸਾਵਣ ਅੰਬਰੋਂ ਸਿੰਮਣ ਲੱਗਾ,
ਮਾਰਿਆ ਢੋਲੀ ਢੋਲ ਤੇ  ਡੱਗਾ,
ਗਾਣ ਅਲਬੇਲੇ, ਛੱਡ ਝਮੇਲੇ
ਆ ਗਏ ਮੇਲੇ।

ਥਾਂ-ਥਾਂ ਤੇ ਸਜੀਆਂ ਮਠਿਆਈਆਂ
ਲੱਡੂ, ਜਲੇਬੀਆਂ, ਰਸ ਮਲਾਈਆਂ
ਘੇਰੀਆਂ ਹੱਟੀਆਂ, ਨਾਜ਼ਕ ਜੱਟੀਆਂ
ਸਵਾਦਾਂ ਪੱਟੀਆਂ।

ਕਾਲ਼ੀਆਂ ਗੁੱਤਾਂ ਲਾਲ ਪਰਾਂਦੇ,
ਰਾਹ ਜਾਂਦੇ ਨੂੰ ਲਾਂਬੂ ਲਾਂਦੇ,
ਸ਼ੌਂਕੀ ਮੁੰਡੇ, ਅੜਾਵਨ ਕੁੰਡੇ
ਜਾਵਣ ਢੁੰਡੇ।

ਅੰਬਰ ਛੂਹ ਕੇ ਆਣ ਪੰਘੂੜੇ,
ਖਾ ਘਮੇਰੀਆਂ ਹੋਵਣ ਦੂਹਰੇ,
ਬਾਲ ਅੰਞਾਣੇ, ਫੁੱਲ ਨਿਮਾਣੇ
ਖੰਡ ਮਖਾਣੇ।

ਢਾਡੀ ਅਤੇ ਕਵੀਸ਼ਰ ਗਾਂਦੇ,
ਜੋਸ਼ੀਲੇ ਹੋ-ਹੋ ਵਾਰਾਂ ਸੁਣਾਂਦੇ,
ਤਲਵਾਰਾਂ ਦੀਆਂ, ਅਵਤਾਰਾਂ ਦੀਆਂ
ਸਰਦਾਰਾਂ ਦੀਆਂ।

ਦੁਨੀਆਂ ਅਖਾੜੇ ਵਲ ਨੂੰ ਨੱਸੀ,
ਆ ਗਏ ਮੱਲ ਲੰਗੋਟੇ ਕੱਸੀ,
ਮਾਰ ਕੇ ਛੱਲਾਂ, ਮਾਰਨ ਮੱਲਾਂ
ਬਾਂਕੀਆਂ ਖੱਲਾਂ।

ਖੁਸ਼ੀਆਂ ਦਾ ਸੋਮਾ ਵੱਸਦਾ ਰਵੇ,
ਸਾਂਝਾਂ ਦਾ ਦੀਵਾ ਜੱਗਦਾ ਰਵੇ,
ਨਾ ਪੈਣ ਵੰਡਾਂ, ਨਾ ਟੁੱਟਣ ਤੰਦਾਂ
ਪਿਆ ਖ਼ੈਰ ਮੰਗਾਂ।

**ਵਣਜਾਰਾ**

ਆ ਵਣਜਾਰੇ
ਹੋਕਾ ਦਿੱਤਾ
ਵੰਗਾਂ ਲਓ ਚੜ੍ਹਾ,
ਕੁੜੀਓ
ਕੰਨ ਲਵੋ ਵਿੰਨ੍ਹਾਂ।

ਉੱਡੀਆਂ ਆਈਆਂ
ਕੁੜੀਆਂ-ਚਿੜੀਆਂ
ਝੁਰਮਟ ਲਿਆ ਪਾ,
ਚੜ੍ਹਿਆ
ਗੋਡੇ-ਗੋਡੇ ਚਾਅ।

ਵਿਹੜੇ ਲੱਗੀ
ਟਾਹਲੀ ਹੇਠਾਂ
ਦਿੱਤਾ ਪੀਹੜਾ ਡਾਹ,
ਕੁੜੀਆਂ
ਛਾਵੇਂ ਲਿਆ ਬਿਠਾ।

ਕਿਸੇ ਕੁੜੀ
ਛੰਨੇ ਲੱਸੀ
ਦਿੱਤੀ ਹੱਥ ਫੜਾ,
'ਵੀਰਾ!
ਥਕੇਵਾਂ ਪਹਿਲੂੰ ਲਾਹ'।

ਗੋਟੇ ਵਾਲੀ
ਲਾਲ ਚਾਦਰ
ਭੋਇੰ ਉੱਤੇ ਵਿਛਾ,
ਭਾਈ
ਗਹਿਣੇ ਧਰੇ ਸਜਾ।

ਛਾਪਾਂ-ਛੱਲੇ
ਵੇਖਣ ਕੁੜੀਆਂ
ਭਰ ਭਰ ਕੇ ਨਿਗ੍ਹਾ,

ਟੋਂਹਦੀਆਂ
ਹੱਥ ਰੇਸ਼ਮੀ ਲਾ।

ਆ ਲੈ ਵੀਰ
ਫੜ ਮਕੱਈ
ਬਗਲੀ ਦੇ ਵਿਚ ਪਾ,
ਮੈਨੂੰ
ਵੰਗਾਂ ਲਾਲ ਚੜ੍ਹਾ।

ਗੰਦਲ ਵਰਗੀ
ਕੂਲ਼ੀ ਵੀਣੀ
ਭਾਈ ਹੱਥ ਫੜਾ,
ਅੰਬੋ
ਵੰਗਾਂ ਲਈਆਂ ਚੜ੍ਹਾ।

ਬਾਰਾਂ ਵੰਗਾਂ
ਅੰਬੋ ਪਾ ਕੇ
ਬਾਂਹ ਲਈ ਭਰਵਾ,
ਵੇਖਦੀ
ਵਾਰ ਵਾਰ ਛਣਕਾ।

ਪਾਸ਼ੋ ਲਈਆਂ
ਹਰੀਆਂ ਵੰਗਾਂ
ਘੱਗਰੇ ਨਾਲ ਮਿਲਾ,
ਜਿਹੜਾ
ਭਾਬੋ ਦਿੱਤਾ ਸਵਾ।

ਅੱਗੇ ਹੋ ਕੇ
ਬਹਿ ਸੰਜੀਦਾ
ਨੱਕ ਲਿਆ ਵਿੰਨ੍ਹਾ,
ਵਿੱਚਦੀ
ਤੀਲੀ ਲਈ ਪੁਆ।

ਬਾਜਰੇ ਦਾ
ਭਰਿਆ ਛਿੱਕੂ
ਵਣਜਾਰੇ ਨੂੰ ਵਟਾ,
ਰਾਣੀ,
ਬੁੰਦੇ ਲਏ ਪੁਵਾ।

ਝੋਲੀ ਲਈ
ਸੁਰਮੇਦਾਨੀ
ਸੁਰਮਾ ਵਿਚ ਪਵਾ,
ਵਿੱਚੋਂ
ਧੇਲੀ ਘੱਟ ਕਰਾ।

ਪਰਖੇ ਪਈ
ਦੰਦਾਸਾ ਚੰਨੋ
ਦੰਦਾਂ ਹੇਠ ਚਬਾ,
ਲੈ ਗਈ
ਮੁੱਠ ਸਾਰੀ ਤੁਲਾ।

ਨੀਲੇ ਨਗ
ਵਾਲੀ ਮੁੰਦਰੀ
ਚੀਚੀ ਵਿਚ ਪਵਾ,
ਰਾਣੋ
ਵੇਖੇ ਨੀਝਾਂ ਲਾ।

ਚਾਰ ਨੁੱਕਰਾਂ
ਵਾਲਾ ਸ਼ੀਸ਼ਾ
ਸ਼ਾਮੀਂ ਮੁੱਲ ਲਿਆ,
ਵੇਖਕੇ
ਮੂੰਹ ਰਹੀ ਸ਼ਰਮਾ।

ਚਾਚੀ ਕੰਤੋ
ਲਿਆ ਸੰਧੂਰ
ਡੱਬੀ ਵਿਚ ਪਵਾ,
ਪੂਰੇ
ਤੋਲੇ ਅੱਠ ਤੁਲਾ।

ਸਭੇ ਕੁੜੀਆਂ
ਆਪੋ-ਆਪਣੇ
ਪੂਰੇ ਕਰਕੇ ਚਾਅ,
ਰਹੀਆਂ
ਮੰਦ ਮੰਦ ਮੁਸਕਾ।

ਬਾਰੀ ਓਹਲੇ
ਖਲੋਤੀ ਮਿੰਦੋ

ਚੋਰੀ ਮਾਰ ਨਿਗਾਹ,
ਵੇਖਦੀ
ਉੱਭੇ ਭਰ-ਭਰ ਸਾਹ।

ਚੜ੍ਹੀ ਜਵਾਨੀ
ਹੋਣੀ ਸਿਰ ਤੋਂ
ਪੱਲਾ ਦਿੱਤਾ ਲਾਹ,
ਲੈ ਗਈ
ਲੁੱਟ-ਪੁੱਟ ਸਾਰੇ ਚਾਅ।

ਵਿਹਲਾ ਹੋ
ਛੰਡ ਕੇ ਲੀੜੇ
ਬਗਲੀ ਮੋਢੇ ਪਾ,
ਵਣਜਾਰਾ
ਤੁਰਿਆ ਆਪਣੇ ਰਾਹ।

ਜਾਂਦਾ ਜਾਂਦਾ
ਲੰਮੀ ਹੇਕੇ
ਹੋਕਾ ਰਿਹਾ ਲਾ,
ਕੁੜੀਓ
ਕੰਨ ਲਵੋ ਵਿੰਨ੍ਹਾ,
ਕੁੜੀਓ
ਵੰਗਾਂ ਲਵੋ ਚੜ੍ਹਾ।

## ਤੀਆਂ

ਸਾਵਣ ਦੀ
ਸੁਰਮਈ ਰੁੱਤੇ,
ਛੱਪੜ ਕੰਢੇ
ਪਿੱਪਲ ਉੱਤੇ,
ਪੀਂਘਾਂ ਪਈਆਂ ਝੂਟਣ
ਵਿਆਹੀਆਂ ਤੇ ਕੁਆਰੀਆਂ।

ਲਾਲ ਚੂੜੇ
ਬਾਂਹੀ ਛਣਕਣ,
ਲੱਕੋਂ ਹੇਠ
ਪਰਾਂਦੇ ਲਮਕਣ,
ਮੋਰਨੀਆਂ ਬਣ ਉੱਡਣ
ਲੈ ਸਿਰਾਂ ਤੇ ਫੁਲਕਾਰੀਆਂ।

ਕੰਤ, ਮਾਹੀ ਦੇ
ਸੋਹਲੇ ਗਾਣ,
ਲਿਫ ਲਿਫ ਨਾਲ਼ੇ
ਪੀਂਘ ਚੜ੍ਹਾਣ,
ਰੱਜ ਰੱਜ ਪਈਆਂ ਲਾਣ
ਹਵਾ ਵਿਚ ਉਡਾਰੀਆਂ।

ਸੱਜ ਵਿਆਹੀਆਂ
ਪੇਕੇ  ਮੁੜੀਆਂ,
ਜੱਫੇ ਪਾ-ਪਾ
ਮਿਲੀਆਂ ਕੁੜੀਆਂ,
ਬਹਿਕੇ ਪਈਆਂ ਫਰੋਲਣ
ਦਿਲਾਂ ਦੀਆਂ ਪਟਾਰੀਆਂ।

ਆਪੋ ਆਪਣੇ
ਖੋਲ੍ਹ ਸੰਧਾਰੇ,
ਲੀੜੇ ਲੱਤੇ
ਸ਼ਿੰਗਾਰ ਸਾਰੇ,
ਬੈਠੀਆਂ ਪਾ ਕੰਘਲੀਆਂ
ਸਜੀਆਂ ਜੀਕਣ ਲਾੜੀਆਂ।

ਮਹਿੰਦੀ ਘੋਲ਼ਕੇ
ਕੋਰੇ ਠੂਠੇ,
ਪਾਂਦੀਆਂ ਪਈਆਂ
ਵੇਲ ਤੇ ਬੂਟੇ,
ਹੱਥਾਂ 'ਤੇ ਹੋ ਰਹੀਆਂ
ਮਨ ਦੀਆਂ ਮੀਨਾਕਾਰੀਆਂ।

ਗਿੱਧੇ ਦੇ ਵਿਚ
ਵੱਜਣ ਅੱਡੀਆਂ,
ਦੂਹਰੀਆਂ ਹੋ-ਹੋ
ਨੱਚਣ ਨੱਢੀਆਂ,
ਪਤਲੇ ਲੱਕ ਪਤੰਗ
ਪੱਟਾਂ ਤੋਂ ਸਭ ਭਾਰੀਆਂ।

ਪਿੱਪਲ-ਪੱਤੀਆਂ
ਛੱਲੇ ਮੁੰਦੀਆਂ,
ਲੌਂਗ, ਤੀਲੀਆਂ
ਬੁੰਦੇ ਮੱਛਲੀਆਂ,
ਨਿੱਕੜੇ-ਨਿੱਕੜੇ ਚਾਅ
ਮਾਰਨ ਪਏ ਕਿਲਕਾਰੀਆਂ।

ਮਰੈਲ੍ਹਣ ਦੀਪੋ
ਫੜੂਹਾਂ ਪਾਵੇ,
ਸੱਪਣੀ ਵਾਂਗ
ਵਲੇਵੇਂ ਖਾਵੇ,
ਦੰਦਾਂ ਵਿਚ ਦਬਾਕੇ
ਦੁਪੱਟੇ ਦੀਆਂ ਕਿਨਾਰੀਆਂ।

ਸੀਬੋ ਬਣ
ਸ਼ਰਾਬਣ ਗਾਵੇ,
ਇਸ਼ਕ ਬਰਾਂਡੀ
ਚੜ੍ਹਦੀ ਜਾਵੇ,
ਕਿਸੇ ਵੈਲੀ ਦੀ ਵਾਂਗੂੰ
ਰੱਜਕੇ ਬੜ੍ਹਕਾ ਮਾਰੀਆਂ।

ਮੀਤੋ-ਬਚਨੋ
ਕਿੱਕਲੀ ਪਾਣ,
ਬਣ ਭੰਬੀਰੀ
ਘੁੰਮੀ ਜਾਣ,
ਘੁੰਮ-ਘੁੰਮ ਕੇ ਦੋਹਾਂ
ਘੁੰਮਣ-ਘੇਰੀਆਂ ਚਾੜ੍ਹੀਆਂ।

ਸੱਤੂ ਮਰਾਸੀ
ਮਾਹੀਆ ਗਾਂਦਾ,
ਆ ਗਿਆ ਵਿੱਚ
ਅਵਾਰਾ ਭੌਂਦਾ,
ਕੁੜੀਆਂ ਭੋਇੰ ਸੁੱਟਿਆ
ਕੱਢ-ਕੱਢ ਕੇ ਕੁਤਕੁਤਾੜੀਆਂ।

ਗੁੱਸੇ ਵੇਖ
ਚਿੜੀਆਂ ਦਾ ਚੰਬਾ,
ਭੱਜਿਆ ਸੱਤੂ
ਲੱਥਿਆ ਤੰਬਾ,
ਹੁਸਨ-ਚੋਰ ਭਜਾਇਆ
ਅਣਖੀ ਗੋਪੀਆਂ ਸਾਰੀਆਂ।

ਫਿਰ ਤੋਂ ਕੁੜੀਆਂ
ਬੰਨ੍ਹ ਟੋਲੀਆਂ,
ਪਾਣ ਕੜਾਕੇ-
ਦਾਰ ਬੋਲੀਆਂ,
ਗਿੱਧਾ ਲਾਇਆ ਝੂਮਣ
ਮਾਰ-ਮਾਰ ਕੇ ਤਾੜੀਆਂ।

ਵਸਣ ਲੱਗੀਆਂ
ਘੋਰ ਘਟਾਵਾਂ,
ਬਾਂਹਾਂ ਦੇ ਵਿਚ
ਪਾਕੇ ਬਾਂਹਾਂ,
ਚਾਈਂ ਚਾਈਂ ਭਿੱਜਣ
ਮਲੂਕ ਸੂਰਤਾਂ ਪਿਆਰੀਆਂ।

ਸਾਵਣ ਦੀਆਂ
ਲੱਗੀਆਂ ਝੜੀਆਂ,
ਨੱਚਣ ਕੁੜੀਆਂ
ਕਰ-ਕਰ ਅੜੀਆਂ,

ਅੱਥਰੇ ਜੋਬਨ ਅੱਗੇ
ਅੱਜ ਕੁਦਰਤਾਂ ਹਾਰੀਆਂ।

ਸਾਵੇ ਪੱਤਿਆਂ ਦੀ
ਮਾਰਕੇ ਬੁੱਕਲ,
ਦਵੇ ਦੁਆਵਾਂ
ਪਿੰਡ ਦਾ ਪਿੱਪਲ,
ਵਸੋ ਭਾਗਾਂ ਭਰੀਓ
ਮਾਣੋ ਰੱਜ ਸਰਦਾਰੀਆਂ
ਵਿਆਹੀਆਂ ਤੇ ਕੁਆਰੀਆਂ।

## ਦਾਦੀ

ਹੌਲੀ ਹੌਲੀ ਖੂੰਡੀ ਫੜਕੇ
ਗੁਰਦੁਵਾਰੇ ਜਾਂਦੀ ਦਾਦੀ,
ਬੜੀ ਹੀ ਯਾਦ ਆਂਦੀ ਦਾਦੀ।

ਝੁਰੀਆਂ ਵਾਲੇ ਚਿਹਰੇ ਉੱਤੇ
ਮੋਟੀ ਐਨਕ ਲਾਂਦੀ ਦਾਦੀ,
ਬੜੀ ਹੀ ਯਾਦ ਆਂਦੀ ਦਾਦੀ।

ਦੋਵੇਂ ਗੋਡੇ ਪੀੜਾਂ ਮਾਰਨ
ਰੋਜ਼ ਦਵਾਈ ਖਾਂਦੀ ਦਾਦੀ,
ਬੜੀ ਹੀ ਯਾਦ ਆਂਦੀ ਦਾਦੀ।

ਗਿਣਤੀ ਨਾ ਹੀ ਪੈਂਤੀ ਜਾਣੇ
'ਗੂਠਾ ਝੱਟ ਲਗਾਂਦੀ ਦਾਦੀ,
ਬੜੀ ਹੀ ਯਾਦ ਆਂਦੀ ਦਾਦੀ।

ਕੰਨੋ ਬਹਿਰੀ ਕੁਝ ਨਾ ਸੁਣਦੀ
ਆਪਣੀ ਬਸ ਸੁਣਾਂਦੀ ਦਾਦੀ
ਬੜੀ ਹੀ ਯਾਦ ਆਂਦੀ ਦਾਦੀ।

ਕਦੀ-ਕਦਾਈਂ ਵਿਹੜੇ ਦੇ ਵਿੱਚ
ਚਰਖਾ ਆਪਣਾ ਡਾਂਹਦੀ ਦਾਦੀ,
ਬੜੀ ਹੀ ਯਾਦ ਆਂਦੀ ਦਾਦੀ।

ਲੰਘਣ ਜਦੋਂ ਜਹਾਜ ਸ਼ੂਕਦੇ
ਬੁੱਕਲ ਵਿੱਚ ਲੁਕਾਂਦੀ ਦਾਦੀ,
ਬੜੀ ਹੀ ਯਾਦ ਆਂਦੀ ਦਾਦੀ।

ਰੋਜ਼ ਰਾਤ ਨੂੰ ਹਿੱਕ ਨਾਲ ਲਾਕੇ
ਕਹਾਣੀ ਨਵੀਂ ਸੁਣਾਂਦੀ ਦਾਦੀ
ਬੜੀ ਹੀ ਯਾਦ ਆਂਦੀ ਦਾਦੀ।

ਮੋਇਆਂ ਭਾਵੇਂ ਵਰ੍ਹੇ ਨੇ ਹੋਏ
ਅੱਜ ਵੀ ਯਾਦ ਆਂਦੀ ਦਾਦੀ,
ਬੜੀ ਹੀ ਯਾਦ ਆਂਦੀ ਦਾਦੀ।

## ਭੂਆ ਵੀਰੋ

ਲੌਂਡੇ ਵੇਲੇ
ਭੂਆ ਵੀਰੋ
ਵਿਹੜੇ ਦੇ ਵਿਚ ਭੱਠੀ ਤਾਈ।
ਲੈ ਪਰਾਗੇ
ਬਾਲ-ਅੰਞਾਣੇ
ਖੜੇ ਦੁਆਲੇ ਝੁਰਮਟ ਪਾਈ।

ਤੜ-ਤੜ ਕਰ ਕੇ
ਭੁੱਜਣ ਦਾਣੇ
ਕੜਾਹੀਏ ਪੈਣ ਪਟਾਕੇ।
ਖਿੜਦੀਆਂ ਖਿੱਲਾਂ
ਵੇਖਣ ਸਾਰੇ
ਡੂੰਘੀਆਂ ਨੀਝਾਂ ਲਾ ਕੇ।

ਜਦ ਭੂਆ ਦੀ
ਵਿੰਗੀ ਕੁੰਡਨੀ
ਮੂੰਹ ਵਿਚ ਭਰ ਕੇ ਪੱਤੇ।
ਭੱਠੀ ਦੇ ਜਾ
ਢਿੱਡੀਂ ਸੁੱਟਦੀ
ਲਟ-ਲਟ ਭਾਂਬੜ ਮੱਚੇ।

ਚੁੱਪ ਚਪੀਤੀ
ਝੁਲਕੇ ਡਾਹੇ
ਮੁੜ੍ਹਕੇ ਨਾਲ ਨਹਾਤੀ।
ਤੱਪਦੀ ਹੋਈ
ਰੇਤਾ ਦੇ ਵਿਚ
ਫੇਰੇ ਮੁੜ-ਮੁੜ ਦਾਤੀ।

ਕਾਲ਼ਾ ਧੂੰਆਂ
ਅੰਬਰੀਂ ਚੜ੍ਹਦਾ
ਵਲ਼ ਹਜ਼ਾਰਾਂ ਖਾਵੇ।
ਮਿੱਠੀ-ਮਿੱਠੀ
ਮਹਿਕ ਸਲੂਣੀ
ਵਿਹੜੇ ਵਿਚ ਖਿੰਡਾਵੇ।

ਝਉਲੇ ਜਿਹੇ
ਭੂਆ ਦੇ ਮੂੰਹ
ਝੁਰੀਆਂ ਪਾਏ ਲੱਛੇ।
ਜੀਕਣ ਕਿਸੇ
ਬੁੱਢੇ ਰੁੱਖ ਦਾ
ਸੱਕ ਪਿਆ ਹੁਣ ਲੱਥੇ।

ਸੱਜੀ ਬਾਂਹ ਤੇ
ਖੁਣੀ ਮੋਰਨੀ
ਚਿਰਾਂ ਪੁਰਾਣੀ ਯਾਦ,
ਜਦ ਸੀ ਅੰਗਾਂ
ਪੈਲਾਂ ਪਾਈਆਂ
ਸੁਣ ਜੋਬਨ ਦਾ ਨਾਦ।

ਸੋਚਾਂ ਅੰਦਰ
ਡੁੱਬੀ ਭੂਆ
ਗੋਡੇ ਸਿਰ ਟਿਕਾਈ।
ਜਖ਼ਮੀ ਘੁੱਗੀ
ਖੰਭਾਂ ਅੰਦਰ
ਜੀਕਣ ਧੌਣ ਲੁਕਾਈ।

ਬਾਹਰੋਂ ਭੌਂ ਕੇ
ਵਿਹੜੇ ਆਈ
ਭੂਆ ਦੀ ਪਾਲ਼ੀ ਬਿੱਲੀ।
ਨਾਲ ਘੜੇ ਦੇ
ਜੁੜ ਜਾ ਬੈਠੀ
ਥਾਂ ਪਛਾਣ ਕੇ ਸਿੱਲੀ।

ਇਹ ਬਿੱਲੀ
ਭੂਆ ਦੀ ਮਹਿਰਮ
ਹੋਰ ਨਾ ਸੰਗੀ ਸਾਥੀ,
ਜਿਉਂਦੀ-ਮਰਦੀ
ਭੂਆ ਤੇ ਜੋ
ਆਣ ਮਾਰਦਾ ਝਾਤੀ।

ਇੱਕ ਭੂਆ ਦੀ
ਧੀ ਸੀ ਨਿੰਦਰੀ
ਜੋ ਬਾਲ ਵਰੇਸੇ ਮੋਈ।

ਉਸ ਤੋਂ ਮਗਰੋਂ
ਗੋਦ ਭੂਆ ਦੀ
ਮੁੜ ਹਰੀ ਨਾ ਹੋਈ।

ਬੜੀਆਂ ਕੀਤੀਆਂ
ਅਰਜ਼ਾਂ, ਮਿੰਨਤਾਂ
ਰੱਬ ਨੇ ਇੱਕ ਨਾ ਗੌਲੀ,
ਕੁੱਖ ਦੀ ਪੀੜ
ਤਰਸਦੀ ਭੂਆ
ਹੋ ਗਈ ਗੂੰਗੀ, ਬੋਲ਼ੀ।

ਖਸਮ ਭੂਆ ਦਾ
ਅਧਖੜ ਉਮਰੇ
ਸਾਧਾਂ ਦੇ ਨਾਲ ਰਲ ਕੇ
ਹੋ ਬੈਰਾਗੀ
ਬੈਠਾ ਕਿਧਰੇ
ਕਾਲੀਆਂ ਕੰਦਰਾਂ ਮਲ ਕੇ।

ਦੌਰ ਅੰਦਰ
ਦਲਣਾ ਧਰਕੇ
ਜਿਉਂ ਜਿਉਂ ਰਗੜੇ ਲਾਵੇ,
ਹਫ਼ਦੀ-ਹਫ਼ਦੀ
ਬੁੱਢੀ ਛਾਤੀ
ਵੈਣ ਹਜ਼ਾਰਾਂ ਪਾਵੇ।

ਇੱਕ ਵਾਰ ਜਦ
ਤਰਕਾਲਾਂ ਵੇਲੇ
ਗਏ ਭੂਆ ਦੇ ਕੋਲ
ਵੇਖ ਸਬਾਤੇ
ਰੋਂਦੀ ਭੂਆ
ਪਿਆ ਕਲੇਜੇ ਹੌਲ।

'ਲੁਕ-ਛਿਪ ਜਾਣਾ
ਮੱਕਈ ਦਾ ਦਾਣਾ
ਨਿੰਦਰੀ ਬੇਟੀ ਆਈ।'
ਫੁਟ-ਫੁਟ ਰੋਵੇ
ਭੂਆ ਵੀਰੋ
ਬਿੱਲੀ ਹਿੱਕ ਨਾਲ ਲਾਈ।

## ਧਰੇਕ

ਫੁੱਲ ਕਲੀਆਂ ਦੀ
ਝੁੰਬ ਮਾਰੀ
ਖੜੀ ਧਰੇਕ
ਲੈ ਫੁਲਕਾਰੀ।

ਧਰਕੌਨਿਆ ਦੇ
ਪਾ ਕੇ ਗਹਿਣੇ
ਆਪਣਾ ਆਪ
ਖੜ੍ਹੀ ਸ਼ਿੰਗਾਰੀ।

ਈਕਣ ਦਿੱਸੇ
ਜੋਬਨ ਲੱਦੀ
ਸਿਆਲਾ ਦੀ ਜੁ
ਹੀਰ ਪਿਆਰੀ।

ਖੜੇ ਦੁਆਲੇ
ਰੁੱਖ ਝੂੰਮਦੇ
ਸੈਣਤਾ ਮਾਰਨ
ਵਾਰੋ-ਵਾਰੀ।

ਅੱਡੀਆਂ ਚੁੱਕ
ਸਫੈਦੇ ਘੂਰਣ
ਬਾਂਹਾਂ ਫੜ ਜੋ
ਖੜੇ ਕਤਾਰੀ।

ਕਾਲਾ ਸ਼ਾਹ
ਖਲੋਤਾ ਕਿੱਕਰ
ਦੂਰੋਂ ਸੁੱਟੇ
ਨੀਅਤ ਮਾੜੀ।

ਖੂਹੀ ਵਾਲਾ
ਖੜਾ ਲੂੰੜਾ
ਚੋਰ-ਨਜ਼ਰੀ
ਜਾਵੇ ਤਾੜੀ।
ਭੋਲਾ-ਭਾਲਾ
ਪਿੱਪਲ ਖੜਿਆ

ਸਾਧਾਂ ਵਰਗੀ
ਚੁੱਪ ਧਾਰੀ।

ਜੁ ਗੋਰਖ ਦੇ
ਡੇਰੇ ਪੂਰਣ
ਸੁੰਦਰਾਂ ਅੱਗੇ
ਖੜਾ ਅਨਾੜੀ।

ਨਸ਼ੇ ਅੰਦਰ
ਖਾਣ ਹੁਲਾਰੇ
ਭੰਗ ਦੇ ਬੂਟੇ
ਖੜੇ ਉਜਾੜੀ।

ਇੱਤਰ-ਫੁਲੇਲਾਂ
ਲਾ ਖਲੋਤੇ
ਅੰਬ-ਅਨਾਰ
ਮਹਿਕ ਖਿਲਾਰੀ।

ਗੰਵਾਰਾਂ ਵਾਂਗੂੰ
ਅੱਕ ਦੇ ਬੂਟੇ
ਦੰਦੀਆਂ ਕੱਢਣ
ਮਾਰਕੇ ਤਾੜੀ।

ਨਵੇਂ ਜੁਗ ਦਾ
ਵੇਖ ਤਮਾਸ਼ਾ
ਬੁੱਢਾ ਬੋਹੜ
ਖੁਰਕੇ ਦਾੜ੍ਹੀ।

ਬੁੱਢੀ ਨਿੰਮ
ਦੇਵੇ ਮੱਤਾਂ
ਅਲ੍ਹੜ ਸਾਰੇ
ਹੈਨ ਵਪਾਰੀ।

ਸਿਰ ਨਿਉ
ਧਰੇਕ ਸੰਗੇ
ਮਾਂ ਸਾਵੇਂ ਜੁ
ਕੁੜੀ ਕੰਵਾਰੀ।

ਨੈਣਾਂ ਵਿਚ
ਹਜ਼ਾਰਾਂ ਸੁਪਨੇ
ਦੱਸੇ ਇੱਕ ਨਾ
ਸ਼ਰਮਾਂ ਮਾਰੀ।

## ਫੱਟੀ

ਸੁੱਕ-ਸੁੱਕ ਫੱਟੀਏ ਸੁੱਕ ਵੀ ਜਾ,
ਝਟਪਟ ਲਈਏ ਕੰਮ ਮੁਕਾ।

ਮਾਂ ਦੇਵੇਗੀ ਪੂਰਣੇ ਪਾ ਕੇ
ਨਾਲੇ ਕਹੇ ਗੀ ਕਲਮ ਫੜਾ ਕੇ,
ਅੱਜ ਨਾ ਲਿਖੀ ਪੂੰਝੇ ਪਾ।
ਸੁੱਕ ਸੁੱਕ ਫੱਟੀਏ ਸੁੱਕ ਵੀ ਜਾ।

ਸੌ ਤੀਕਰ ਹੈ ਗਿਣਤੀ ਗਿਣਨੀ
ਮਾਸਟਰ ਜੀ ਨੇ ਕੱਲ੍ਹ ਹੈ ਸੁਣਨੀ,
ਨਹੀਂ ਤੇ ਦੇਣਗੇ ਕੰਨ ਫੜਾ।
ਸੁੱਕ-ਸੁੱਕ ਫੱਟੀਏ ਸੁੱਕ ਵੀ ਜਾ।

ਭੰਡਾਂ-ਭੰਡਾਰੀਆ ਕਿੰਨਾ ਕੁ ਭਾਰ
ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ,
ਖੇਡਦੇ ਨੇ ਸਾਰੇ ਖੌਰੂ ਪਾ।
ਸੁੱਕ-ਸੁੱਕ ਫੱਟੀਏ ਸੁੱਕ ਵੀ ਜਾ।

ਬੀਹੀ ਵਿਚ ਸਭ ਖੇਡਣ ਹਾਣੀ
ਲੁਕ ਗਏ ਸਭ ਲੱਭਦੀ ਏ ਰਾਣੀ
ਬੂਹਿਆਂ ਪਿੱਛੇ ਮਾਰ ਨਿਗਾਹ।
ਸੁੱਕ-ਸੁੱਕ ਫੱਟੀਏ ਸੁੱਕ ਵੀ ਜਾ।

ਖੇਡਣ ਲੱਗੇ ਕੋਟਲਾ ਛਪਾਕੀ
ਬਹਿ ਗਏ ਭੋਂਇ ਮਾਰ ਪਲਾਕੀ,
ਕੀਹਦੀ ਜਾਣੀ ਸ਼ਾਮਤ ਆ?
ਸੁੱਕ-ਸੁੱਕ ਫੱਟੀਏ ਸੁੱਕ ਵੀ ਜਾ।

ਮਿੰਦੋ ਕਰੇ ਗੁੱਡੀ ਦਾ ਵਿਆਹ
ਬੀਰਾ ਤੇ ਪੋਲਾ ਮਾਮੇ ਆ,
ਗੁੱਡੀ ਨੂੰ ਰਹੇ ਚੂੜਾ ਚੜ੍ਹਾ!
ਸੁੱਕ-ਸੁੱਕ ਫੱਟੀਏ ਸੁੱਕ ਵੀ ਜਾ।

ਸਕੂਲ ਦਾ ਸਾਰਾ ਕੰਮ ਮੁਕਾ ਕੇ
ਬੀਹੀ ਵਿਚ ਮੈਂ ਖੇਡਾਂ ਜਾ ਕੇ,
ਸੈਣਤਾਂ ਮਾਰ ਸਭ ਰਹੇ ਬੁਲਾ।
ਸੁੱਕ ਸੁੱਕ ਫੱਟੀਏ ਸੁੱਕ ਵੀ ਜਾ।
ਝਟਪਟ ਲਈਏ ਕੰਮ ਮੁਕਾ।

## ਚੰਡਾਲ

ਸ਼ਾਮ ਪਈ ਤੇ
ਸੂਰਜ ਡੁੱਬਾ
ਸਾਰੇ ਦਿਨ ਦਾ ਹੰਭ।
ਫਿੱਕਾ ਚੰਨ
ਬੱਦਲੀਆਂ ਵਿਚੋਂ
ਲੱਭੇ ਆਪਣਾ ਪੰਧ।

ਖੇਤਾਂ ਵਿਚੋਂ
ਹਾਲੀ ਪਰਤੇ
ਸਾਂਭ ਕੇ ਆਪਣੇ ਸੰਦ।
ਡੇਰੇ ਅੰਦਰ
ਭੰਗ ਘੋਟਦੇ
ਬੈਠੇ ਰਲ ਨਿਹੰਗ।

ਮੰਦਰ ਖੜਾ
ਆਰਤੀ ਕਰਦਾ
ਪੰਡਤ ਦੂਨੀ ਚੰਦ।
ਦੂਰੋਂ ਇੱਕ
ਪੰਛੀ ਬੋਲੇ
ਸੀਟੀ ਵਾਲ਼ਾ ਸੰਘ।

ਭੂਤ-ਪ੍ਰੇਤ
ਵਾਂਗੂੰ ਜਾਪੇ
ਸਿਵਿਆਂ ਵਾਲੀ ਜੰਡ।
ਜਿਸਦੇ ਉੱਤੇ
ਬੈਠੀਆਂ ਗਿਰਝਾਂ
ਮਣ-ਮਣ ਪੱਕੇ ਖੰਭ।

ਹੇਠਾਂ ਬੈਠਾ
ਹੁੱਕਾ ਪੀਵੇ
ਮੈਲਾ ਜਿਹਾ ਕਰੰਗ।
ਮੋਟੇ ਡੇਲੇ
ਚਿੱਟੇ ਬੋਦੇ
ਲਿਫ਼ੀ ਜਿਸਦੀ ਕੰਡ।

ਕਦੇ ਕਦਾਈਂ
ਪਿੰਡ ਨੂੰ ਆਵੇ
ਜਦੋਂ ਮਾਰਦਾ ਲੰਙ।
ਲੱਗਦਾ ਕੋਈ
ਘੜਿਆਲ ਆਂਦਾ
ਬਾਹਰ ਨੂੰ ਕੱਢੀ ਦੰਦ।

ਪਿੰਡ ਦੇ ਸਾਰੇ
ਲੋਕੀ ਲੰਘਦੇ
ਭਵਾਂ ਕੇ ਉਸਤੋਂ ਕੰਡ।
ਦੇਖਣ ਜਿੱਥੇ
ਬਾਬਾ ਆਂਦਾ
ਅੱਖਾਂ ਕਰਦੇ ਬੰਦ।

ਕਹਿੰਦੇ ਵੱਜੇ
ਬੜਾ ਕਸੂਤਾ
ਨਜ਼ਰ ਇਹਦੀ ਦਾ ਡੰਗ।
ਚੰਗਾ ਭਲਾ
ਬੰਦਾ ਡਿੱਗਦਾ
ਸਕੇ ਨਾ ਪਾਣੀ ਮੰਗ।

ਇਸਦੇ ਸਾਏ
ਨਾਲ ਸੀ ਹੋਇਆ
ਬੀਮਾਰ ਦੂਣੀ ਚੰਦ।
ਤੁਲਸੀ ਦਾ ਵੀ
ਤੀਜੇ ਮਾਹ ਹੀ
ਗਰਭ ਹੋ ਗਿਆ ਭੰਗ।

ਇੱਕ ਦਿਨ ਉਸਨੇ
ਰੋਟੀ ਖਾ ਲਈ
ਲੁਬਾਣਿਆਂ ਘਰੋਂ ਮੰਗ।
ਚੜ੍ਹਦੇ ਸਾਲ ਹੀ
ਦੋਹਾਂ ਭਰਾਵਾਂ
ਲਈ ਹਵੇਲੀ ਵੰਡ।

ਜੈਲੇ ਦਿਆਂ
ਖੇਤਾਂ ਵਿੱਚੋਂ
ਇੱਕ ਦਿਨ ਗਿਆ ਲੰਘ।

ਦੂਜੇ ਦਿਨ ਹੀ
ਮੀਂਹ ਨੇ ਦਿੱਤੀ
ਫ਼ਸਲ ਸਾਰੀ ਝੰਬ।

ਯਾਰ ਨਾਲ
ਕਲੋਲਾਂ ਕਰਦੀ
ਤਾਰੋ ਗਈ ਕੰਬ।
ਆ ਧਮਕਿਆ
ਅਚਨਚੇਤ ਹੀ
ਵਾਂਡੇ ਗਿਆ ਖਾਵੰਦ।

ਹਾਏ ਚੰਬੜਿਆ
ਬਾਬੇ ਦਾ ਸਾਇਆ
ਪਾਵਣ ਲੱਗੀ ਡੰਡ।
ਖਾਵੰਦ ਨੇ ਵੀ
ਵੇਖਿਆ ਸਾਇਆ
ਟੱਪਦਾ ਪਿਛਲੀ ਕੰਧ।

ਸਭ ਇਲਜ਼ਾਮ
ਮੱਥੇ ਲੈਕੇ
ਫਿਰਦਾ ਮਸਤ ਮਲੰਗ।
ਗਾਂਦਾ ਰਹੇ
ਫੜਕੇ ਤੂੰਬਾ
ਪੀ ਲੋਟਾ ਕੁ ਭੰਗ।

ਨਿੱਕੇ ਹੁੰਦਿਆਂ
ਫੜ ਤਿੱਤਲੀਆਂ
ਜਦੋਂ ਸੀ ਜਾਂਦੇ ਹੰਭ।
ਸਿਵਿਆਂ ਦੇ ਇਸ
ਬਾਬੇ ਕੋਲ
ਬਹਿੰਦੇ ਲੀੜੇ ਛੰਡ।

ਉਸਦੀ ਫਿਰ
ਕਹਾਣੀ ਤੁਰਦੀ
ਤਾਰਿਆਂ ਭਰੇ ਪੰਧ।
ਜਿਸਦੇ ਵਿਚ
ਉੱਡਣ ਪਰੀਆਂ
ਲਾ ਸੋਨੇ ਦੇ ਖੰਭ।

ਰੋਵਣ ਜਾਂ
ਰਾਜ ਕੁਮਾਰੀਆਂ
ਦੈਂਤਾਂ ਹੱਥੋਂ ਤੰਗ।
ਘੋੜਿਆਂ ਉੱਤੇ
ਚੜ੍ਹ ਸ਼ਹਿਜ਼ਾਦੇ
ਆਣ ਸਮੁੰਦਰੋਂ ਲੰਘ।

ਰਾਜਕੁਮਾਰੀਆਂ
ਮੁਕਤ ਕਰਾਦੇ
ਕਰ ਦੈਂਤਾਂ ਦੀ ਝੰਬ।
ਸੁਣਾ ਕਹਾਣੀ
ਮੁੱਠ ਮਖਾਣੇ
ਸਭ ਨੂੰ ਦੇਂਦਾ ਵੰਡ।

ਨਿੱਤ ਹੀ ਸਾਨੂੰ
ਵਰਜਣ ਘਰ ਦੇ
ਹੋ–ਹੋ ਫ਼ਿਕਰਮੰਦ।
ਮੜ੍ਹੀਆਂ ਅੰਦਰ
ਰਹਿਣ ਭੂਤਨੇ
ਖਾਂਦੇ ਮਾਰਕੇ ਦੰਦ।

ਨਿੱਤ ਨਿੱਤ ਉਹੀ
ਸੁਣ ਨਸੀਹਤਾਂ
ਸਿਰ ਨੂੰ ਦੇਂਦੇ ਛੰਡ।
ਭਾਵੇਂ ਮੂੰਹ ਤੇ
ਖਾਣੀ ਪੈਂਦੀ
ਬਾਪੂ ਦੀ ਇੱਕ ਚੰਡ।

## ਸੱਤੂ ਮਰਾਸੀ

ਠੰਡੀ-ਠੰਡੀ
ਵੱਗੇ 'ਵਾ,
ਗਾਵੇ ਸੱਤੂ
ਹੇਕਾਂ ਲਾ।

ਟੁੱਟੀ ਮੰਜੀਂ
ਵਿਹੜੇ ਡਾਹ,
ਮੋਢੇ ਨਾਲ
ਸਾਰੰਗੀ ਲਾ।

ਪੀਲੀ-ਪੀਲੀ
ਮਾਰੇ ਭਾ,
ਚਿਹਰੇ ਉੱਤੇ
ਚਿੱਟਾ ਘਾਹ।

ਪਾਟੀ ਗਲ਼
ਫਤੂਹੀ ਪਾ,
ਸੁਰਮਾ ਅੱਖਾਂ
ਵਿੱਚ ਸਜਾ।

ਮੱਥੇ ਉੱਤੇ
ਚੰਦ ਖੁਣਾ,
ਬੈਠਾ ਬਣ
ਸ਼ੌਕੀਨ ਕਿਹਾ!

ਅੰਬਰੀਂ ਦੂਰ
ਨਜ਼ਰ ਟਿਕਾ,
'ਮਿਰਜਾ' ਗਾਵੇ
ਧੌਣ ਝੁਲਾ।

ਘੁੱਲਾ-ਤਾਰਾ
ਸਰੋਤੇ ਆ,
ਭੁੰਜੇ ਬੈਠੇ
ਆਸਣ ਲਾ।

ਸੁਣਦੇ ਦੋਵੇਂ
ਸਿਰ ਹਿਲਾ,
ਸਾਹਿਬਾਂ ਕੀਤਾ
ਕਿਵੇਂ ਦਗਾ।

ਚੜ੍ਹੇ ਵੀਰ
ਸਿਰਾਂ ਤੇ ਆ,
ਸੁੱਤਾ ਮਿਰਜਾ
ਲੰਮੀਆਂ ਪਾ।

ਕੀਕਣ ਯਾਰ
ਲਵੇ ਬਚਾ,
ਭਾਈਆਂ ਦਾ ਵੀ
ਮੋਹ ਬੜਾ।

ਸਾਹਿਬਾ ਜੱਟੀ
ਕਰੇ ਉਪਾ,
ਜੰਡ ਤੇ ਦਿੱਤੇ
ਤੀਰ ਛੁਪਾ।

ਭਾਈਆਂ ਹੱਥੋਂ
ਯਾਰ ਮਰਾ,
ਸਾਹਿਬਾਂ ਕੀਤੋਂ
ਜੁਲਮ ਬੜਾ।

ਤਾਰਾ ਕਹੇ
ਵਾਹ, ਵਾਹ,
ਪੀਲੂ ਸ਼ਾਇਰ
ਠੀਕ ਕਿਹਾ।

ਯਾਰੀ ਰੰਨ ਦੀ
ਭੱਠੀ ਪਾ,
ਕੌਣ ਇਨ੍ਹਾਂ ਦਾ
ਕਰੇ ਵਸਾਹ।

ਡੱਬ ਦੇ ਵਿੱਚੋਂ
'ਕੱਢ ਜਰਾ'
ਘੁੱਲੇ ਛੰਨਾ
ਲਿਆ ਮੰਗਾ।

ਹਾੜਾ ਹਾੜਾ
ਸਾਰੇ ਲਾ,
ਕਹਿੰਦੇ ਸੱਤੂਆ
ਹੋਰ ਸੁਣਾ।

ਵਿੱਚ ਲੋਰ ਦੇ
ਸੱਤੂ ਆ,
ਬੈਠਾ ਮੁੜ
ਸਾਰੰਗੀ 'ਚਾ।

ਤਾਰਾਂ ਉੱਤੇ
ਗੱਜ ਫਿਰਾ,
ਕਰੇ ਅਲਾਪ
ਸੁਰ ਮਿਲਾ।

ਕਾਲੀ ਰਾਤ
ਪਈ ਸਿਆਹ,
ਸੁੱਤਾ ਪਿੰਡ
ਦੀਵੇ ਬੁਝਾ।

ਸੱਤੂ ਦੇ ਪਰ
ਵਿਹੜੇ ਦਾ,
ਦੀਵਾ ਬਲੇ
ਟਿਮ-ਟਿਮਾ।

## ਪੀਰ ਬਾਬਾ

ਰਾਤ ਦੇ ਪਹਿਲੇ ਪਹਿਰ
ਹਨੇਰਾ ਘੁੱਪ ਸਿਆਹ।
ਊਂਘ ਰਿਹਾ ਪਿੰਡ ਸਾਰਾ
ਦੀਵੇ ਬੱਤੀਆਂ ਬੁਝਾ।

ਲੀਰ ਕੁ ਜਿੱਡਾ ਚੰਨ
ਬਦਲੀਆਂ 'ਚੋਂ ਲੂਸਦਾ
ਫੜਫੜਾ ਕੇ ਰਹਿ ਗਏ
ਚਕੋਰੀਆਂ ਦੇ ਚਾਅ।

ਬੜੇ ਹੀ ਨੇ ਇੱਲਤੀ
ਤੇਜ ਬੁਲ੍ਹੇ 'ਵਾ ਦੇ
ਘੜੀ-ਮੁੜੀ ਰੁੱਖਾਂ ਦੇ
ਬੋਦੇ ਜਾਣ ਹਿਲਾ।

ਸੂਈ ਕੁੱਤੀ ਸਾਧ ਦੀ
ਹੈ ਡੇਰੇ ਵਿੱਚੋਂ ਭੌਂਕਦੀ
ਬੋਲੇ ਇੱਕ ਕੋਚਰੀ
ਸੂਟੇ ਲੰਮੇ ਲਾ।

ਦੀਵੇ ਪਏ ਨੇ ਬਲਦੇ
ਦੂਰ ਪਰ੍ਹਾਂ ਜੂਹ ਤੇ
ਜਿਨ੍ਹਾਂ ਦੀ ਲੋ ਰਹੀ
ਕਬਰ ਇੱਕ ਨੁਹਾ।

ਆਂਦੇ ਜਾਂਦੇ ਲੰਘਦੇ
ਲੋਕੀਂ ਸਿਰ ਝੁਕਾ
ਕਬਰ ਨੂੰ ਜੋ ਮੰਨਦੇ
ਪੀਰਾਂ ਦੀ ਦਰਗਾਹ।

ਕਬਰ ਪੁੱਗੇ ਸਮੇਂ ਦੀ
ਕਹਾਣੀ ਰਹੀ ਸੁਣਾ,
ਜਿਸਨੂੰ ਲੋਕੀ ਸੁਣਦਿਆਂ
ਉਂਗਲਾਂ ਲੈਣ ਚਬਾ।

ਕਹਿਣ ਪਹਿਲਾਂ ਏਥੇ
ਫੱਕਰ ਇੱਕ ਸੀ ਵੱਸਦਾ
ਰੱਖੇ ਜਾਦੂ ਸਿਰੇ ਦਾ
ਕਾਲੇ ਇਲਮ ਜਿਹਾ।

ਅੰਮ੍ਰਿਤ ਵੇਲੇ ਜਾਗ ਕੇ
ਸੱਚਾ ਰੱਬ ਧਿਆ
ਬਹਿੰਦਾ ਪਲਕਾਂ ਮੀਚ
ਧੂਣੀ ਕੋਲ ਧੁਖਾ।
ਦੁਨੀਆਂ ਭਰ ਦੇ ਲੋਕ
ਨਿੱਤ ਡੇਰੇ ਜੁੜਦੇ
ਬਾਬਾ ਰੋਗ ਨਿਵਾਰੇ
ਸਭਨੂੰ ਗਲੇ ਲਾ।

ਕੰਡ ਉੱਤੇ ਮੋਰਛਲ
ਜਦੋਂ ਕਦੇ ਫੇਰਦਾ
ਛੂੰਹ-ਮੰਤਰ ਹੋ ਜਾਂਦੀ
ਚਿੰਬੜੀ ਇੱਲ-ਬਲਾ।

ਹੱਥ ਚੁੱਕ ਅਸਮਾਨੇ
ਕਹਿੰਦਾ 'ਅੱਲਾ–ਹੂ'
ਹੱਥਾਂ ਵਿਚੋਂ ਚੁੰਮਦਾ
ਉਸਦੀ ਰੱਬ ਦੁਆ।

ਭਰਨ ਉਹ ਝਲੂੰਗੇ
ਖੁਸ਼ੀਆਂ ਲੈਂਦੇ ਬੰਨ੍ਹ
ਜਿਸ ਤੇ ਪਾਵੇ ਮਿਹਰ ਦੀ
ਆਪਣੀ ਇੱਕ ਨਿਗਾਹ।

ਰੁੱਖਾ–ਮਿੱਸਾ ਜੁੜਦਾ
ਢਿੱਡੀ ਟੁੱਕਰ ਪਾ,
ਰਾਤ ਪਈ ਤੇ ਗਾਂਦਾ
ਤੂੰਬਾ ਨਿੱਤ ਟੁਣਕਾ।

ਫਿਰ 'ਸੰਤਾਲੀ' ਮੁਲਕ ਤੇ
ਭਾਰੀ ਚੜ੍ਹਿਆ ਬੜਾ
ਕੌਮਾਂ ਵੰਡੀਆਂ ਪਾਈਆਂ
ਸਾਂਝਾਂ ਸਭ ਭੁਲਾ।

ਖ਼ੂਨੀ ਹੋਲੀ ਖੇਡੀ
ਭਰ-ਭਰ ਪਿਚਕਾਰੀਆਂ
ਕੰਬਣ ਲਾਈ ਧਰਤੀ
ਲਾਲ ਹਨੇਰੀ ਆ।

ਪਿੰਡ ਸਿਰੋਂ ਦੀ ਲੰਘੀ
ਇਹ ਹਨੇਰੀ ਸ਼ੂਕਦੀ
ਜਾਂਦੀ ਜਾਂਦੀ ਪੀਰ ਦਾ
ਦੀਵਾ ਗਈ ਬੁਝਾ।

ਲਡਿੱਕਾ ਪੀਰ ਰੱਬ ਦਾ
ਪੁਰਜਾ -ਪੁਰਜਾ ਹੋਇਆ
ਸਵੇਰੇ ਲੋਕ ਵੇਖ ਕੇ
ਸਭ ਗਏ ਪਥਰਾ।

'ਧਰਮੀਆਂ' ਨੂੰ ਕੋਸਦੇ
ਲੋਕ ਰਹੇ ਕੁਰਲਾ
ਗੋਰ ਬਣਾ ਕੇ ਦਿੱਤਾ
ਪੀਰ ਫਿਰ ਦਫ਼ਨਾ।

ਕਿਸੇ ਉਸਦੀ ਕਬਰ ਤੇ
ਦਿੱਤਾ ਰੁੱਖ ਉਗਾ
ਨਿੱਤ ਜਿਸ ਦੀ ਸ਼ਾਖ ਤੇ
ਕੋਇਲ ਬੋਲੇ ਆ।

ਅੱਜ ਵੀ ਜੁੰਮੇ ਰਾਤ ਨੂੰ
ਪੀਰ ਦੀ ਕਬਰੇ ਜਾ
ਲੋਕੀਂ ਸੁੱਖਾਂ ਸੁਖਦੇ
ਦੀਵੇ ਜੋਤ ਜਗਾ।